



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ

ਗੁਰਮਤਿ ਮਰਯਾਦਾ ਅਤੇ ਸੇਵਾ ਸੰਭਾਲ ਪ੍ਰਤੀ ਬੇਨਤੀਆਂ

ੴ ਵਾਹਿਗੁਰੂ ਜੀ ਕੀ ਫ਼ਤਹ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ

ਜਾਗਤ-ਜੋਤ, ਹਾਜ਼ਰਾ-ਹਜ਼ੂਰ, ਜ਼ਾਹਰਾ-ਜ਼ਹੂਰ, ਸਰਬ ਕਲਾ ਭਰਪੂਰ, ਦੀਨ ਦੁਨੀ ਦੇ ਮਾਲਕ, ਜੁਗਾਂ ਜੁਗੰਤਰਾਂ ਤੱਕ ਪਾਲਣਹਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ, ਸਰਬ ਸ੍ਰੇਸ਼ਟ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਾਪਤ ਰੂਹਾਨੀ ਸ਼ਕਤੀ ਦੁਆਰਾ ਸਿਰਲੱਥ ਯੋਧੇ ਤਿਆਰ ਹੋਏ, ਜਿਨ੍ਹਾਂ ਸੀਸ ਤਲੀ 'ਤੇ ਧਰ ਕੇ ਧਰਮ ਅਤੇ ਮਨੁੱਖੀ ਹੱਕਾਂ ਦੀ ਲਈ ਬੇਤਹਾਸ਼ਾ ਕੁਰਬਾਨੀਆਂ ਕੀਤੀਆਂ।

ਸਿੱਖ ਇਤਿਹਾਸ ਸੰਸਾਰ ਭਰ 'ਚ ਆਪਣੀਆਂ ਬੇਮਿਸਾਲ ਸ਼ਹਾਦਤਾਂ ਦੇ ਲਈ ਸਨਮਾਨਿਆ ਜਾਂਦਾ ਹੈ। ਸਿੱਖਾਂ ਦੀ ਇਸ ਸਾਰੀ ਸ਼ਕਤੀ ਦਾ ਕੇਂਦਰ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਿੱਖ ਕੌਮ ਦੇ ਧਾਰਮਿਕ ਸਮਾਗਮਾਂ ਅਤੇ ਅਸਥਾਨਾਂ ਦਾ ਕੇਂਦਰੀ ਧੁਰਾ ਵੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਆਪਣੀ ਪੂਜਾ ਕਰਵਾਉਣ ਵਾਲਾ ਪਾਪਾਂ ਦਾ ਭਾਗੀ ਹੁੰਦਾ ਹੈ। ਵਿਸਾਖੀ ੧੯੭੮ ਦਾ ਸ੍ਰੀ ਅੰਮ੍ਰਿਤਸਰ ਵਿਖੇ ਸ਼ਹੀਦੀ ਸਾਕਾ ਕਿਸੇ ਤੋਂ ਭੁੱਲਿਆ ਨਹੀਂ ਹੋਇਆ। ਸਿੱਖ ਧਰਮ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ, ਅਦਬ, ਸਨਮਾਨ ਧੁਰੋਂ ਪ੍ਰਗਟ ਹੋਈ ਚਵਰ, ਛਤਰ, ਅਤੇ ਤਖ਼ਤ ਵਾਲੀ ਸ਼ਾਨੋ-ਸ਼ੌਕਤ ਦੁਆਰਾ ਹੀ ਕੀਤਾ ਜਾਂਦਾ ਹੈ। ਭੈ-ਭਾਵਨੀ ਰੱਖਦੇ ਹੋਏ ਗੁਰਬਾਣੀ ਨੂੰ ਕਮਾਉਣਾ ਗੁਰਸਿੱਖੀ ਦੀ ਨਿਸ਼ਾਨੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਪ੍ਰਤੀ ਅਕਸਰ ਹੀ ਨਵੀਆਂ ਸੰਗਤਾਂ ਵਿੱਚ ਕੁੱਝ ਇਕ ਸਵਾਲ ਪੈਦਾ ਹੁੰਦੇ ਰਹਿੰਦੇ ਹਨ। ਮਸਲਨ ਕਿ, ਮਹਾਰਾਜ ਜੀ ਦੇ ਪ੍ਰਕਾਸ਼ ਕਰਨ ਅਤੇ ਸੁੱਖਆਸਣ ਦੀ ਮਰਯਾਦਾ ਕੀ ਹੈ, ਹੁਕਮਨਾਮਾ ਕਿਵੇਂ ਲੈਣਾ ਚਾਹੀਦਾ ਹੈ ਇਤਿਆਦਿ। ਵੇਖਣ 'ਚ ਆਉਂਦਾ ਹੈ ਕਿ ਗੁਰਮਤਿ ਦੀ ਘਾਟ ਕਾਰਨ ਕਈ ਜਗ੍ਹਾ ਤੇ ਪੂਰਨ ਸਤਿਕਾਰ ਵੀ ਨਹੀਂ ਕੀਤਾ ਜਾਂਦਾ। ਹੁਣ ਤਾਂ ਹੋਰ ਵੀ ਨਵੀਂ ਘਾੜਤ ਘੜ੍ਹ ਲਈ ਗਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਦੀ ਗੁਰਮਰਯਾਦਾ ਨੂੰ ਉਲੰਘ ਕੇ ਪਦਛੇਦ ਸਰੂਪ ਧੜਾ-ਧੜ ਛਾਪੇ ਜਾ ਰਹੇ ਹਨ। ਕੋਈ ਰੋਕ ਟੋਕ ਕਰਨ ਵਾਲਾ ਨਹੀਂ। ਧਰਮ ਤਾਂ ਜਿਵੇਂ ਪੰਖ ਲੱਗ ਕੇ ਉੱਡ ਗਿਆ ਪ੍ਰਤੀਤ ਹੁੰਦਾ ਹੈ। ਲੜੀਵਾਰ ਸਰੂਪ ਦੇ ਵਿਸ਼ੇ 'ਤੇ ਪੰਥ ਦਰਦੀ ਗੁਰਸਿੱਖਾਂ ਵਲੋਂ ਪਿਛਲੇ ਸਮੇਂ ਵਿੱਚ ਕਾਫੀ ਉਪਰਾਲੇ ਕੀਤੇ ਗਏ ਹਨ। ਜਿਸਦਾ ਅਸਰ ਹੋਇਆ ਹੈ, ਪਰ ਅਜੇ ਹੋਰ ਪ੍ਰਚਾਰ ਦੀ ਲੋੜ ਹੈ। ਕਿਤਾਬਚੇ ਛਪਾ ਕੇ ਵੀ ਵੰਡੇ ਗਏ ਹਨ। ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਤੇ 'ਖ਼ਾਲਸੇ ਦਾ ਗੁਰੂ ਕੌਣ', 'ਲੜੀਵਾਰ ਸਰੂਪ ਦੀ ਮਹਾਨਤਾ', 'ਸਾਚਾ ਗੁਰੂ ਗਵਾਚੋ ਰੇ' ਆਦਿਕ। ਇਹਨਾਂ ਤੋਂ ਕਿਤਾਬਚਿਆਂ ਤੋਂ ਲੜੀਵਾਰ ਸਰੂਪ ਬਾਬਤ ਬਹੁਤ ਗਹਿਰਾਈ ਸਹਿਤ ਜਾਣਕਾਰੀ

ਮਿਲ ਜਾਂਦੀ ਹੈ। ਪਰ ਇਸ ਹੱਥਲੇ ਕਿਤਾਬਚੇ ਦਾ ਵਿਸ਼ਾ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਕਰਦੇ ਹੋਏ ਅਦਬ ਸਤਿਕਾਰ ਕਿਵੇਂ ਰੱਖ ਸਕਦੇ ਹਾਂ ਇਸ ਬਾਰੇ ਚਾਨਣਾ ਪਾਇਆ ਗਿਆ ਹੈ। ਗੁਰਸਿੱਖਾਂ ਦੀ ਸੰਗਤ ਕਰਨ ਤੇ ਇਸ ਬਾਰੇ ਸਹਜੇ ਗਿਆਨ ਹੋ ਜਾਂਦਾ ਹੈ ਪਰ ਫਿਰ ਵੀ ਕਈਆਂ ਨੂੰ ਮੁੱਢਲੀਆਂ ਸੇਵਾਵਾਂ ਪ੍ਰਤੀ ਜਾਣਕਾਰੀ ਨਹੀਂ ਹੁੰਦੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ ਗੁਰਮਤਿ ਪ੍ਰਕਾਸ਼ ਦਾ ਅੰਤਲਾ ਲੇਖ ਇਸ ਵਿਸ਼ੇ ਤੇ ਜਾਣਕਾਰੀ ਦਿੰਦਾ ਹੈ। ਸੰਨ ੧੯੭੯ ਵਿੱਚ ਡਾ. ਤੀਰਥ ਸਿੰਘ, ਹੁਸ਼ਿਆਰਪੁਰ ਨੇ ਵੀ ਇਕ ਵਿਸ਼ੇਸ਼ ਟ੍ਰੈਕਟ ਇਸ ਵਿਸ਼ੇ ਤੇ ਲਿਖਿਆ ਸੀ। ਹੁਣ ਉਹ ਟ੍ਰੈਕਟ ਉਪਲਬਧ ਨਾ ਹੋਣ ਕਰਕੇ ਇਹ ਵਿਚਾਰ ਆਇਆ ਕਿ ਟ੍ਰੈਕਟ, ਭਾਈ ਸਾਹਿਬ ਜੀ ਦੀ ਲੇਖ ਅਤੇ ਹੋਰ ਇਸ ਵਿਸ਼ੇ ਨਾਲ ਸਬੰਧਤ ਜਾਣਕਾਰੀ ਨੂੰ ਇਕ ਥਾਂ ਇਕੱਠੀ ਕਰਕੇ ਸੰਗਤਾਂ ਦੇ ਲਾਭ ਹਿੱਤ ਪਹੁੰਚਦੀ ਕੀਤੀ ਜਾਵੇ। ਇਸ ਮਨਸ਼ਾ ਨਾਲ ਇਹ ਕਿਤਾਬਚਾ ਬਣਾਇਆ ਗਿਆ ਹੈ। ਆਸ ਹੈ ਕਿ ਗੁਰਸਿੱਖੀ ਮਾਰਗ ਦੇ ਪਾਂਧੀ ਇਸਤੋਂ ਲਾਭ ਉਠਾਉਣਗੇ।

ਆਉ ਜ਼ਾਹਰਾ-ਜ਼ਹੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੈ-ਅਦਬ ਮਨ ਬਚ ਕਰਮ ਕਰਕੇ ਕਰੀਏ ਜੀ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਧੰਨਵਾਦ।

– *ਸੰਪਾਦਕ*

ਫ਼ਰਵਰੀ ੨੦੨੦

# ਤਤਕਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ....................................4
ਟ੍ਰੈਕਟ, ਡਾ: ਤੀਰਥ ਸਿੰਘ ਖਾਲਸਾ, ਹੁਸ਼ਿਆਰਪੁਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ....................................20
ਲੇਖ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਹੁਕਮਨਾਮਾ ਲੈਣ ਦੀ ਮਰਯਾਦਾ ............................................23
ਭਾਈ ਜਸਜੀਤ ਸਿੰਘ

ਜੁਗੋ ਜੁਗ ਅਟੱਲ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ

ਗੁਰੂ ਕਾ ਨਿਵਾਸ ਸ਼ਬਦ ਵਿੱਚ ਹੈ।

ਡਾ: ਤੀਰਥ ਸਿੰਘ ਖ਼ਾਲਸਾ, ਹੁਸ਼ਿਆਰਪੁਰ

# ਮੁੱਢਲੀ ਬੇਨਤੀ

**ਪਰਮ ਸਤਿਕਾਰਯੋਗ ਸਤਿਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ ਜੀਉ,**

**ਵਾਹਿਗੁਰੂ ਜੀ ਕਾ ਖ਼ਾਲਸਾ॥**
**ਵਾਹਿਗੁਰੂ ਜੀ ਕੀ ਫ਼ਤਹ॥**

**ਇਹ ਧਰਤੀ ਧਰਮ ਕਮਾਉਣ ਲਈ ਅਕਾਲਪੁਰਖ ਵਲੋਂ ਸਿਰਜੀ ਗਈ ਅਨੂਠੀ ਧਰਮਸ਼ਾਲ ਹੈ। ਮਨੁੱਖ ਇਸ ਧਰਤੀ ‘ਤੇ ਵਸਦੀ ਸਾਰੀ ਕਾਇਨਾਤ ਦਾ ਸਰਦਾਰ ਹੈ। ਇਸ ਸਰਦਾਰ-ਪ੍ਰਾਹੁਣੇ ਦੀ ਪਾਹੁਣਚਾਰੀ ਲਈ ਅਕਾਲ ਪੁਰਖ ਨੇ ਇਸ ਧਰਤੀ ਉਤੇ ਅਮੁਲੇ ਪਦਾਰਥ ਤੇ ਸੁਖ ਅਰਾਮ ਦੇ ਸਾਰੇ ਸਾਧਨ ਪੈਦਾ ਕੀਤੇ ਹੋਏ ਹਨ। ਖਾਣ ਨੂੰ ਛੱਤੀ ਪ੍ਰਕਾਰ ਦੇ ਭੋਜਨ ਹਨ ਅਤੇ ਇਸ ਕਾਰਖਾਨੇ ਦੀ ਮਾਲਕ (ਮਾਇਆ) ਇਸ ਧਰਤੀ ਦੇ ਸਿਕਦਾਰ ਦੀ ਦਾਸੀ ਥਾਪ ਕੇ ਭੇਜੀ ਹੋਈ ਹੈ। ਇਹ ਵੱਖਰੀ ਗੱਲ ਹੈ ਕਿ ਮਨੁੱਖ ਆਪਣੇ ਅਸਲੇ ਦੀ ਪਛਾਣ ਤੋਂ ਵਿਰਵਾ, ਚਸਕਿਆਂ ਦੇ ਅਧੀਨ ਹੋਇਆ, ਆਪਣੀ ਦਾਸੀ ਦਾ ਹੀ ਦਾਸ ਬਣ ਕੇ ਆਪਣੀ ਮਿੱਟੀ ਪਲੀਤ ਕਰੀ ਜਾ ਰਿਹਾ ਹੈ ।**

**ਜਿਥੋਂ ਤਕ ਮਾਲਕ ਪ੍ਰਭੂ ਦਾ ਸਬੰਧ ਹੈ, ਉਸ ਨੇ ਆਪਣੇ ਮਨੁੱਖ ਪ੍ਰਾਹੁਣੇ ਲਈ ਕੋਈ ਵਸਤੂ ਲੁਕਾ ਕੇ ਨਹੀਂ ਰੱਖੀ। ਸਭ ਤੋਂ ਅਮੋਲਕ ਪਦਾਰਥ ਜੋ ਮਨੁੱਖ ਨੂੰ ਪ੍ਰਮੇਸ਼ਰ ਤੋਂ ਪ੍ਰਾਪਤ ਹੋਇਆ ਹੈ, ਉਹ ਹੈ 'ਗੁਰਬਾਣੀ'। ਗੁਰਬਾਣੀ ਆਤਮਿਕ ਭੋਜਨ ਹੈ, ਜਿਸ ਵਿਚ ਮਨੁੱਖ ਦੇ ਰਜੇਵੇਂ ਦਾ ਭੇਤ ਲੁਕਿਆ ਹੋਇਆ ਹੈ। ਜਿਨ੍ਹਾਂ ਵਡਭਾਗੇ ਮਨੁਖਾਂ ਨੇ ਇਸ ਦੈਵੀ ਖ਼ੁਰਾਕ ਦਾ ਸੇਵਨ ਕੀਤਾ ਹੈ ਉਨ੍ਹਾਂ ਦੀਆਂ ਸਾਰੀਆਂ ਭੁਖਾਂ ਮਿਟ ਗਈਆਂ ਹਨ ਅਤੇ ਉਹ ਪੂਰਨ ਤੌਰ ਤੇ ਤ੍ਰਿਪਤ ਹੋ ਗਏ ਹਨ। ਸ਼ਾਹਿ ਸ਼ਾਹਿਨਸ਼ਾਹ ਦਸਵੇਂ ਪਾਤਿਸ਼ਾਹ ਦੋ ਜਹਾਨ ਦੇ ਵਾਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ (ਗੁਰਬਾਣੀ-ਸ਼ਬਦ-ਗੁਰੂ ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਸਿੰਘਾਸਨ ਉਤੇ ਸੁਭਾਇਮਾਨ ਕੀਤਾ ਅਤੇ ਜੁਗੋ ਜੁੱਗ ਅਟੱਲ ਸਤਿਗੁਰੂ ਥਾਪ ਕੇ ਸਾਰੇ ਸਿੱਖ ਜਗਤ ਨੂੰ “ਆਤਮਾ ਗ੍ਰੰਥ ਵਿੱਚ ਅਤੇ ਸਰੀਰ ਪੰਥ ਵਿੱਚ” ਪਰਵੇਸ਼ ਹੋ ਜਾਣ ਦਾ ਯਕੀਨ ਕਰਾਇਆ।**

**ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਜੋ ਧਰਮਸ਼ਾਲਾਂ ਸਥਾਪਤ ਹੋਈਆਂ ਸਨ, ਉਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਹੋਣ ਲਗ ਪਏ। ਉਹ ਅਸਥਾਨ ‘ਗੁਰਦਵਾਰਾ ਸਾਹਿਬ’ ਦੇ ਨਾਮ ਨਾਲ ਪ੍ਰਸਿੱਧ ਹੋਏ ਅਤੇ ਹੋਰ ਵੀ ਥਾਓਂ ਥਾਈਂ ਗੁਰਸਿੱਖਾਂ, ਗੁਰੂ ਪ੍ਰੇਮੀਆਂ ਨੇ ਗੁਰਬਾਣੀ-ਵੀਚਾਰ, ਗੁਰੂ ਦਰਸ਼ਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਸਥਾਪਨ ਕਰ ਕੇ ਪ੍ਰਕਾਸ਼-ਸਥਾਨ (ਗੁਰਦੁਆਰੇ) ਕਾਇਮ ਕੀਤੇ।**

ਅਨੇਕਾਂ ਗੁਰੂ ਪਿਆਰਿਆਂ ਨੇ ਘਰਾਂ ਵਿਚ ਵੀ ਵੱਖ ਕਮਰਿਆਂ ਅੰਦਰ ਪ੍ਰਕਾਸ਼-ਸਥਾਨ ਬਣਾਏ ਹੋਏ ਹਨ।

ਕਲਜੁੱਗ ਦੇ ਤਾਰਨਹਾਰ, ਗੁਰ-ਗੱਦੀ ਉਤੇ ਬਿਰਾਜਮਾਨ, ਜ਼ਾਹਰਾ ਜ਼ਹੂਰ ਸਤਿਗੁਰੂ ਸਰਬ ਕਲਾ ਭਰਪੂਰ, ਸਰਬ ਗੁਣਾਂ ਦੇ ਦਾਤੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀ ਮਹਿਮਾ ਅਪਰ ਅਪਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਆਤਮਿਕ ਖਜ਼ਾਨਾ ਹੈ। ਸੱਚ ਦੀ ਖੋਜ, ਸਚਿਆਰ ਪਦ ਦੀ ਪ੍ਰਾਪਤੀ ਦਾ ਰਾਹ ਹੈ। ਗੁਰੂ ਸ਼ਬਦ ਮਨ ਨੂੰ ਥੰਮਣ ਵਾਲਾ ਤੇ ਆਤਮਕ ਬਲ ਦੇਣ ਵਾਲਾ ਹੈ। ਇਹ ਖਜ਼ਾਨਾ ਕਦੀ ਘਟਦਾ ਨਹੀਂ ਹੈ, ਗੁਰੂ ਦੇ ਬਚਨ ਵੱਡਮੁੱਲੇ ਹੀਰੇ ਜਵਾਹਰਾਤ ਹਨ। ਐਸੇ ਮਹਾਨ 'ਸਤਿਗੁਰੂ' ਜੀ ਦੇ ਜਿਸ ਸਿੱਖ ਨੇ ਵੀ ਦਰਸ਼ਨ ਪਰਸੇ ਹਨ, ਉਸਦਾ ਜਨਮ ਸਫਲ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਜਿਤਨਾ ਅਦਬ ਸਤਿਕਾਰ ਕੀਤਾ ਜਾਵੇ ਥੋੜਾ ਹੈ, ਤੇ ਇਸ ਅਦਬ ਸਤਿਕਾਰ ਨੂੰ ਕਾਇਮ ਰੱਖਣ ਲਈ ਗ੍ਰੰਥੀ ਸਿੰਘ ਹੀ ਸੰਗਤਾਂ ਨੂੰ ਪੂਰੀ ਪ੍ਰੇਰਨਾ ਦੇ ਸਕਦੇ ਹਨ।

ਗੁਰਦਵਾਰੇ ਸਿੱਖਾਂ ਲਈ ਧਾਰਮਕ ਜੀਵਨ ਦੇ ਉਹ ਸੋਮੇਂ ਹਨ ਜਿਨ੍ਹਾਂ ਤੋਂ ਗੁਰਸਿੱਖਾਂ ਨੇ ਤੇ ਪ੍ਰਾਣੀ ਮਾਤ ਨੇ ਆਪਣੀ ਆਤਮਿਕ ਪਿਆਸ ਬੁਝਾਉਣੀ ਹੈ ਅਤੇ ਮਨ ਦੀ ਸ਼ਾਤੀ ਪ੍ਰਾਪਤ ਕਰਨੀ ਹੈ। ਜੇ ਗੁਰਦੁਆਰਿਆਂ ਦੇ ਗੰਥ੍ਰੀ ਸਾਹਿਬਾਨ ਆਪਣੇ ਪਵਿੱਤਰ ਫ਼ਰਜ਼ਾਂ ਨੂੰ ਠੀਕ ਢੰਗ ਨਾਲ ਨਿਭਾਉਣ ਅਤੇ ਆਪਣੇ ਅਮਲੀ ਜੀਵਨ ਦੁਆਰਾ ਗੁਰਮਤਿ ਦਾ ਸਹੀ ਪ੍ਰਚਾਰ ਕਰਨ ਤਾਂ ਕੁਝ ਹੀ ਸਾਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਹਾਨੀ ਪ੍ਰਕਾਸ਼ ਅਤੇ ਗੁਰਬਾਣੀ ਦਾ ਚਾਨਣ ਸਾਰੀ ਦੁਨੀਆ ਵਿਚ ਫੈਲ ਸਕਦਾ ਹੈ। ਸਾਰੇ ਸੰਸਾਰ ਦੇ ਮਨੁੱਖ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਸਹੀ ਸੇਧ ਦੇ ਸਕਦੇ ਹਨ ਅਤੇ ਸੰਸਾਰ ਵਿੱਚ ਇਕ ਆਦਰਸ਼ਕ ਸਮਾਜ ਦੀ ਸਥਾਪਨਾ ਹੋ ਸਕਦੀ ਹੈ ।

ਗ੍ਰੰਥੀ ਸਿੰਘਾਂ ਨੂੰ ਸਮਦ੍ਰਿਸ਼ਟੀ ਰੱਖਣੀ ਚਾਹੀਦੀ ਹੈ। ਪੱਖ-ਪਾਤ ਤੋਂ ਉਚੇ ਉੱਠ ਕੇ ਸਭ ਨਾਲ ਸਮਾਨਤਾ ਦਾ ਵਰਤਾਉ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਰਹਿਣੀ ਬਹਿਣੀ, ਕਹਿਣੀ ਸਹਿਣੀ, ਆਦਿਕ ਤੋਂ ਇਹ ਪਰਤੀਤ ਹੋਵੇ ਕਿ ਗੁਰਬਾਣੀ ਉਨ੍ਹਾਂ ਦੇ ਰੋਮ ਰੋਮ ਵਿਚ ਵਸੀ ਹੋਈ ਹੈ। ਉਨ੍ਹਾਂ ਦਾ ਆਚਰਣ ਗੁਰਬਾਣੀ ਦੇ ਸਾਂਚੇ ਵਿਚ ਢਲਿਆ ਹੋਇਆ ਹੈ। ਗ੍ਰੰਥੀ ਸਿੰਘਾਂ ਨੂੰ ਬਾਬਾ ਬੁੱਢਾ ਜੀ ਤੇ ਭਾਈ ਮਨੀ ਸਿੰਘ ਜੀ ਦੇ ਜੀਵਨ ਰਾਹ ਤੇ ਚਲਣ ਦਾ ਉਦਮ ਕਰਨਾ ਚਾਹੀਦਾ ਹੈ।ਗ੍ਰੰਥੀ ਸਿੰਘ ਐਸੇ ਭੈ-ਭਾਵਨੀ ਵਾਲੇ ਨਿਧੜਕ ਗੁਰੂ ਕੇ ਲਾਲ ਹੋਣੇ ਚਾਹੀਦੇ ਹਨ ਜੋ ਲੋਕਾਂ ਨੂੰ ਬੁਰੇ ਕੰਮ ਤੇ ਬੇਖੌਫ ਹੋ ਕੇ ਮੋੜ ਸਕਣ ਤੇ ਸਹੀ ਢੰਗ ਨਾਲ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਸਮਾਜਕ ਬੁਰਾਈਆਂ ਵਿਰੁੱਧ ਜੂਝ ਸਕਣ।

ਸਿੱਖ ਧਰਮ ਨਵੀਨਤਮ ਧਰਮ ਹੋਣ ਕਰਕੇ ਆਪਣੇ ਅੰਦਰ ਧਰਮ ਦੇ ਬੜੇ ਉਚੇ ਸੁੱਚੇ ਤੇ ਉਤਮ ਗੁਣ ਰਖਦਾ ਹੈ। ਇਸ ਪਾਸ ਗੁਰਬਾਣੀ, ਗੁਰ-ਇਤਿਹਾਸ, ਅਤੇ ਕੀਰਤਨ

ਵਰਗੇ ਰੂਹਾਨੀਅਤ ਦੇ ਉਹ ਅਨਮੋਲ ਖ਼ਜ਼ਾਨੇ ਹਨ ਜਿਨ੍ਹਾਂ ਵਰਗੇ ਹੋਰ ਕਿਸੇ ਧਰਮ ਪਾਸ ਨਹੀਂ। ਇਸ ਦੀਆਂ ਦੀਆਂ ਇਤਿਹਾਸਕ ਰਵਾਇਤਾਂ ਵੀ ਸਾਰੀ ਦੁਨੀਆ ਨਾਲੋਂ ਨਿਰਾਲੀਆਂ ਹਨ ਅਤੇ ਖ਼ਾਲਸੇ ਦਾ ਸਰੂਪ ਵੀ ਵਿਲੱਖਣ ਹੋਣ ਕਰਕੇ ਆਪਣੇ ਅੰਦਰ ਖਾਸ ਖਿਚ ਰੱਖਦਾ ਹੈ। ਪ੍ਰੰਤੂ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਵਿਸ਼ੇਸ਼ਤਾ ਦਰਸਾਉਣ ਲਈ ਐਸੇ ਸੂਝਵਾਨ ਤੇ ਗਿਆਨਵਾਨ ਪ੍ਰਚਾਰਕਾਂ, ਗ੍ਰੰਥੀਆਂ ਤੇ ਕੀਰਤਨੀਆਂ ਦੀ ਲੋੜ ਜਿਹੜੇ ਸਿੱਖੀ ਦੇ ਝੰਡੇ ਸਾਰੀ ਦੁਨੀਆ ਵਿਚ ਝੁਲਾਣ ਦੀ ਤੀਬਰ ਲਗਨ ਰਖਦੇ ਹੋਣ ਤੇ ਪ੍ਰਚਾਰ ਲਈ ਆਪਣਾ ਜੀਵਨ ਅਰਪਣ ਕਰਨ ਲਈ ਤਿਆਰ ਹੋਣ।

ਸਤਿਗੁਰੂ ਸੱਚੇ ਪਾਤਿਸ਼ਾਹ ਮੇਹਰ ਕਰਨ, ਕਈ ਗੁਰਦਵਾਰਾ ਅਸਥਾਨਾਂ ਤੇ ਘਰਾਂ ਵਿੱਚ, ਜਿਥੇ ਮਹਾਰਾਜ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਦੀ ਹਾਲਤ ਦੇਖ ਕੇ ਮਨ ਨੂੰ ਬੜਾ ਹੀ ਦੁੱਖ ਹੁੰਦਾ ਹੈ। ਕੁਝ ਸਮੇਂ ਤੋਂ ਦਾਸ ਦੇ ਮਨ ਵਿਚ (ਗੁਰੂ ਪਾਤਿਸ਼ਾਹ ਵਲੋਂ) ਇਹ ਪ੍ਰੇਰਨਾ ਹੋਈ ਕਿ ਜੁਗੋ ਜੁਗ ਅਟੱਲ, ਚੌਰ ਤਖ਼ਤ ਦੇ ਮਾਲਕ, ਹਲਤ ਪਲਤ ਦੇ ਰਾਖੇ, ਬਾਣੀ ਦੇ ਬੋਹਿਥ, ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਤੇ ਸੁੱਖ-ਆਸਨ ਸਬੰਧੀ ਜ਼ਰੂਰੀ ਬੇਨਤੀਆਂ ਨੂੰ ਇਕ ਟ੍ਰੈਕਟ ਦੇ ਰੂਪ ਵਿਚ ਛਪਵਾ ਕੇ ਗੁਰਸਿੱਖਾਂ ਦੀ ਸੇਵਾ ਵਿਚ ਭੇਟਾ ਕੀਤਾ ਜਾਵੇ, ਤਾਂ ਕਿ ਗੁਰੂ ਸਾਹਿਬ ਜੀ ਦੀ ਸਤਿਕਾਰ ਸਹਿਤ ਗੁਰਮਤਿ ਮਰਯਾਦਾ ਅਨੁਸਾਰ ਸੇਵਾ ਕੀਤੀ ਜਾ ਸਕੇ। ਜਿੰਨੀ ਵੀ ਅਸੀਂ ਸ਼ਰਧਾ ਅਤੇ ਪ੍ਰੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸੇਵਾ ਕਰਾਂਗੇ ਉਤਨੀ ਹੀ ਸਤਿਗੁਰੂ ਜੀ ਸਾਨੂੰ ਆਤਮਕ ਪ੍ਰੇਰਨਾ ਤੇ ਵਿਵੇਕ ਬਲ-ਬੁੱਧੀ ਬਖਸ਼ਿਸ਼ ਕਰਨਗੇ ।

ਆਸ ਹੈ ਕਿ ਸਮੂਹ ਗੁਰ-ਅਸਥਾਨਾਂ ਦੇ ਗ੍ਰੰਥੀ ਸਿੰਘ ਸਾਹਿਬਾਨ ਤੇ ਗੁਰਮੁਖ ਪਿਆਰੇ, ਜਿਨ੍ਹਾਂ ਨੇ ਆਪਣੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਇਸ ਟ੍ਰੈਕਟ ਤੋਂ ਲਾਭ ਉਠਾਣਗੇ। ਉਹ ਆਪ ਗੁਰਮਤਿ ਅਨੁਸਾਰ ਸਤਿਗੁਰ ਸਚੇ ਪਾਤਿਸ਼ਾਹ ਦੀ ਸੇਵਾ ਅਤੇ ਦੂਸਰਿਆਂ ਨੂੰ ਪ੍ਰੇਰਨਾ ਦੇ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹੋਏ ਆਪਣੇ ਜੀਵਨ ਸਫਲ ਕਰਨਗੇ।

ਅੰਤ ਵਿੱਚ ਦਾਸ ਉਨ੍ਹਾਂ ਸਮੂਹ ਗੁਰਮੁੱਖ ਪਿਆਰੇ ਵੀਰਾਂ ਦਾ ਅਤਿ ਧਨਵਾਦੀ ਹੈ ਜਿਨ੍ਹਾਂ ਨੇ ਇਸ ਟੈਕਟ ਨੂੰ ਛਪਵਾਉਣ ਲਈ ਯੋਗ ਪ੍ਰੇਰਨਾ ਤੇ ਬਹੁਮੁੱਲੇ ਵਿਚਾਰਾਂ ਰਾਹੀਂ ਸਹਿਯੋਗ ਦਿੱਤਾ ਹੈ। ਸਰਬੱਤ ਸੰਗਤਾਂ ਦੇ ਚਰਨਾਂ ਵਿਚ ਦੋਇ ਕਰਿ ਜੋੜ, ਜੋਦੜੀ ਹੈ ਕਿ ਦਾਸ ਦਾ ਇਹ ਪਹਿਲਾ ਨਿਮਾਣਾ ਜਿਹਾ ਯਤਨ ਹੈ ਤੇ ਇਸ ਟ੍ਰੈਕਟ ਨੂੰ ਲਿਖਣ ਵਿਚ ਅਨੇਕਾਂ ਭੁੱਲਾਂ ਹੋ ਗਈਆਂ ਹੋਣਗੀਆਂ, ਇਸ ਕੀਟ ਨੂੰ ਆਪਣੇ ਪਵਿਤਰ ਚਰਨਾਂ ਦੀ ਧੂੜ ਸਮਝ ਕੇ ਖਿਮਾਂ ਕਰਨ ਦੀ ਕਿਰਪਾਲਤਾ ਕਰਨੀ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ॥

**ਦਾਸਨ ਦਾਸਰਾ:**

**ਨਵੰਬਰ ੫, ੧੯੭੯** **ਤੀਰਥ ਸਿੰਘ ਖਾਲਸਾ** R.M.P

**ਸੇਵਾਦਾਰ**

**ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਹੁਸ਼ਿਆਰਪੁਰ**

**ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਦਰਸ਼ਨ ਤੇ ਸੁੱਖ–ਆਸਨ ਸਬੰਧੀ ਜ਼ਰੂਰੀ ਬੇਨਤੀਆਂ

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਲਈ ਉਚੇ ਤੋਂ ਉਚਾ ਤੇ ਸੁੰਦਰ ਤੋਂ ਸੁੰਦਰ ਅਸਥਾਨ ਹੋਣਾ ਚਾਹੀਦਾ ਹੈ।

(੨) ਗੁਰਦਵਾਰਿਆਂ ਤੋਂ ਇਲਾਵਾ ਘਰਾਂ ਵਿਚ ਅਤੇ ਬਾਹਰ ਖੁਲ੍ਹੇ ਪੰਡਾਲਾਂ ਵਿਚ ਵੀ, ਜਿੱਥੇ ਗੁਰਮਤਿ ਸਮਾਗਮ ਦੀਵਾਨ ਹੋਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਜ਼ਰੂਰੀ ਹੈ। ਪਰ ਗੁਰੂ ਮਹਾਰਾਜ ਦੇ ਅਦਬ ਸਤਿਕਾਰ ਨੂੰ ਮੁੱਖ ਰਖਦੇ ਹੋਏ ਇਹ ਗੱਲ ਖ਼ਾਸ ਧਿਆਨ ਰੱਖਣ ਯੋਗ ਹੈ ਕਿ ਉਹ ਅਸਥਾਨ ਮਹਾਰਾਜ ਜੀ ਦੀ ਸ਼ਾਨ ਦੇ ਅਨੁਕੂਲ ਹੋਵੇ। ਜੇਕਰ ਉਥੇ ਗੁਲਾਬ, ਕਿਉੜਾ ਆਦਿ ਸੁਗੰਧੀਆਂ ਦਾ ਛਿੜਕਾਉ ਕੀਤਾ ਜਾਵੇ ਤਾਂ ਚੰਗੀ ਗੱਲ ਹੈ। ਬਜ਼ਾਰਾਂ ਵਿਚ, ਗੰਦੇ ਪਲਾਟਾਂ ਵਿਚ ਤੇ ਕੁਹਝੀਆਂ ਥਾਵਾਂ ਤੇ ਪ੍ਰਕਾਸ਼ ਕਰਨਾ ਯੋਗ ਨਹੀਂ ਹੈ ।

(੩) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਘਰਾਂ ਵਿਚ ਕੀਤਾ ਜਾਣਾ ਚੰਗਾ ਹੈ, ਪਰ ਆਮ ਵੇਖਣ ਵਿਚ ਆਉਂਦਾ ਹੈ ਕਿ ਘਰਾਂ ਵਿਚ ਗੁਰੂ ਬਾਬਾ ਜੀ ਵਾਸਤੇ ਚੁਣੀ ਗਈ ਥਾਂ ਅਤਿ ਛੋਟੀ ਹੁੰਦੀ ਹੈ। ਕਈ ਥਾਈਂ ਇਕੋ ਕਮਰੇ ਵਿਚ ਪਰਦਾ ਲਾ ਕੇ ਪ੍ਰਕਾਸ਼ ਕਰ ਲਿਆ ਜਾਂਦਾ ਹੈ ਤੇ ਕਈ ਘਰਾਂ ਵਿਚ ਬਿਸਤਰਿਆਂ ਵਾਲੇ ਵਡੇ ਸੰਦੂਕ ਉਤੇ ਹੀ ਪਲੰਘ ਰੱਖ ਕੇ ਪ੍ਰਕਾਸ਼ ਕੀਤਾ ਜਾਂਦਾ ਹੈ। ਗੁਰੂ ਮਹਾਰਾਜ ਦੇ ਸਤਿਕਾਰ ਨੂੰ ਮੁੱਖ ਰਖਦੇ ਹੋਏ ਇਹ ਅਯੋਗ ਹੈ। ਜਿਹੜੇ ਵੀਰ ਬਾਬਾ ਜੀ ਦਾ ਪ੍ਰਕਾਸ਼ ਘਰ ਵਿਚ ਕਰਨ ਦਾ ਚਾਉ ਰਖਦੇ ਹੋਣ, ਉਨ੍ਹਾਂ ਲਈ ਜ਼ਰੂਰੀ ਹੈ ਕਿ ਗੁਰੂ ਮਹਾਰਾਜ ਲਈ ਚੰਗੇ ਤੋਂ ਚੰਗਾ ਤੇ ਸੁੰਦਰ ਖੁੱਲਾ ਕਮਰਾ ਨੀਯਤ ਕਰਨ। ਘਰ ਵਿਚ ਮਹਾਰਾਜ ਜੀ ਦਾ ਪ੍ਰਕਾਸ਼ ਹੁੰਦਿਆਂ ਹੋਇਆਂ ਵੀ ਸਤਿਸੰਗਤ ਵਿਚ ਜਾਣਾ ਅਤਿ ਜ਼ਰੂਰੀ ਹੈ।

ਸਾਧ ਸੰਗਤਿ ਅਸਥਾਨ ਜਗਮਗ ਨੂਰ ਹੈ॥
ਲਖ ਲਖ ਸਸੀਅਰ ਭਾਨ ਕਿਰਨ ਠਰੂਰ ਹੈ॥

(ਭਾਈ ਗੁਰਦਾਸ, ਵਾਰ, ੩–੧੦)

(੪) ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਲੇ ਕਮਰੇ ਵਿਚ ਨਿਜੀ ਰਿਹਾਇਸ਼ ਹੋਣੀ ਯੋਗ ਨਹੀਂ। ਇਸੇ ਤਰ੍ਹਾਂ ਉਥੇ ਘਰੇਲੂ ਜਾਂ ਹੋਰ ਫਾਲਤੂ ਸਾਮਾਨ ਰੱਖਣਾ ਚੰਗਾ ਨਹੀਂ ਲੱਗਦਾ।

(੫) ਜਿਥੋਂ ਤੱਕ ਹੋ ਸਕੇ, ਗੁਰੂ ਮਹਾਰਾਜ ਦੇ ਕਮਰੇ ਉਪਰ ਹੋਰ ਰਿਹਾਇਸ਼ੀ ਕਮਰਾ ਨਹੀਂ ਬਣਾਉਣਾ ਚਾਹੀਦਾ।

(੬) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਅੰਮ੍ਰਿਤ ਵੇਲੇ ਹੀ ਹੋਣਾ ਚਾਹੀਦਾ ਹੈ। ਇਸ ਲਈ ਚਾਹੇ ਗੁਰਦੁਆਰਾ ਸਾਹਿਬ ਹੋਵੇ ਜਾਂ ਘਰ ਹੋਵੇ ਹਰ ਇਕ ਨੂੰ

ਅੰਮ੍ਰਿਤ ਵੇਲੇ ਗੁਰੂ ਸਾਹਿਬ ਦੇ ਪ੍ਰਕਾਸ਼ ਕਰਨ ਦੇ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਆਹਾਰੀ ਹਨ ।

(੭) ਉਚੇ ਥੜੇ ਜਾਂ ਤਖ਼ਤ ਪੋਸ਼ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੰਜੀ ਸਾਹਿਬ ਉਤੇ ਹੋਣਾ ਚਾਹੀਦਾ ਹੈ। ਜੇਕਰ ਇਹ ਸੰਭਵ ਨਾ ਹੋਵੇ ਤਾਂ ਫਰਸ਼ 'ਤੇ ਸਵੱਛ ਬਸਤਰ ਗਦੇਲਾ ਵਿਛਾ ਕੇ ਮੰਜੀ ਸਾਹਿਬ ਉਤੇ ਪ੍ਰਕਾਸ਼ ਕੀਤਾ ਜਾ ਸਕਦਾ ਹੈ।

(੮) (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੰਜੀ ਸਾਹਿਬ ਤੋਂ ਬਿਨਾਂ ਕਰਨਾ ਕਿਸੇ ਹਾਲਤ ਵਿਚ ਵੀ ਯੋਗ ਨਹੀਂ। ਮੰਜੀ ਸਾਹਿਬ ਦਾ ਸਾਈਜ਼ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਆਕਾਰ ਅਨੁਸਾਰ ਹੀ ਹੋਣਾ ਚਾਹੀਦਾ ਹੈ। ਮੰਜੀ ਸਾਹਿਬ ਦੀ ਉਚਾਈ ਵੀ ਢੁਕਵੀਂ ਹੋਣੀ ਚਾਹੀਦੀ ਹੈ। ਤਾਬਿਆ ਬੈਠਣ ਵਾਲੇ ਪਾਸੇ ਪਿਛਲਿਆਂ ਪਾਵਿਆਂ ਨਾਲੋਂ ਇੰਚ ਕੁ ਛੋਟੇ ਰੱਖੇ ਜਾ ਸਕਦੇ ਹਨ। ਜਾਂ ਸਾਹਮਣੇ ਪਾਸੇ ਦੇ ਪਾਵਿਆਂ ਹੇਠ ਪੜਾਵੇ ਬਣਵਾਏ ਹੋਏ ਰੱਖ ਦੇਣੇ ਠੀਕ ਹਨ। ਇਸ ਤਰ੍ਹਾਂ ਪਾਠ ਕਰਨ ਨੂੰ ਆਸਾਨੀ ਰਹਿੰਦੀ ਹੈ ਤੇ ਅਗੇ ਨੂੰ ਝੁਕਣਾ ਨਹੀਂ ਪੈਂਦਾ।

(ਅ) ਮੰਜੀ ਸਾਹਿਬ ਬੜੀ ਸੁੰਦਰ ਬਣੀ ਹੋਈ ਹੋਵੇ। ਕਈ ਅਸਥਾਨਾਂ ਤੇ ਵੇਖਣ ਵਿਚ ਆਉਂਦਾ ਹੈ ਕਿ ਮੰਜੀ ਸਾਹਿਬ ਦੀ ਹਾਲਤ ਤਰਸ ਯੋਗ ਹੁੰਦੀ ਹੈ। ਸੋ ਸੁੰਦਰ ਗਿਲਾਫ ਨਾਲ ਉਸ ਦੀ ਸੰਭਾਲ ਰੱਖਣੀ ਜ਼ਰੂਰੀ ਹੈ। ਮੰਜੀ ਸਾਹਿਬ ਉਤੇ ਸੁੰਦਰ ਵਿਛਾਈ ਕਰ ਕੇ ਹੀ ਬਾਬਾ ਜੀ ਦੀ ਬੀੜ ਦਾ ਪ੍ਰਕਾਸ਼ ਕਰਨਾ ਚਾਹੀਦਾ ਹੈ।

(੯) ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਲੇ ਅਸਥਾਨ ਉਪਰ ਚੰਦੋਆ ਸਜਾਉਣਾ ਅਤਿ ਜ਼ਰੂਰੀ ਹੈ। ਜੇਕਰ ਪ੍ਰਕਾਸ਼ ਪਾਲਕੀ ਵਿਚ ਕੀਤਾ ਜਾਵੇ ਤਾਂ ਪਾਲਕੀ ਅੰਦਰ ਛੋਟੀ ਚਾਨਣੀ ਹੋਵੇ ਤੇ ਪਾਲਕੀ ਉਪਰ ਵੱਡਾ ਚੰਦੋਆ ਲਾਉਣਾ ਚਾਹੀਦਾ ਹੈ।

(੧੦) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਰੁਮਾਲੇ ਅਤਿ ਸੁੰਦਰ, ਪਰ ਸਾਦੇ ਹੋਣੇ ਚਾਹੀਦੇ ਹਨ। ਬਹੁਤੇ ਚਮਕੀਲੇ, ਭੜਕੀਲੇ ਤੇ ਪਤਲੇ ਨਹੀਂ ਸ਼ੋਭਦੇ । ਪ੍ਰੇਮ ਪਿਆਰ ਨਾਲ ਜੇ ਸਫ਼ੈਦ ਖੱਦਰ ਆਦਿ ਦੇ ਰੁਮਾਲੇ ਵੀ ਭੇਟਾ ਕੀਤੇ ਜਾਣ ਤਾਂ ਉਹ ਹੀ ਅਤੀ ਉੱਤਮ ਹਨ, ਪਰ ਘਰੇਲੂ ਰਹਿਤ ਵੀ ਸਾਦੀ ਹੋਵੇ। ਇਹ ਯੋਗ ਨਹੀਂ ਕਿ ਆਪਣੇ ਬਸਤਰ ਤਾਂ ਵਧੀਆ ਤੋਂ ਵਧੀਆ ਹੋਣ ਅਤੇ ਗੁਰੂ ਸਾਹਿਬ ਲਈ ਖੱਦਰ ਦੇ ਰੁਮਾਲੇ ਬਣਾਏ ਜਾਣ। ਰੁਮਾਲੇ ਬੀੜ ਸਾਹਿਬ ਅਤੇ ਮੰਜੀ ਸਾਹਿਬ ਦੇ ਅਕਾਰ ਅਨੁਸਾਰ ਹੀ ਹੋਣੇ ਚਾਹੀਦੇ ਹਨ। ਰੁਮਾਲਾ ਪਲਕਾਂ ਸਮੇਤ ਹੀ ਮੁਕੰਮਲ ਕਿਹਾ ਜਾ ਸਕਦਾ ਹੈ। ਤਸਵੀਰਾਂ ਵਾਲੇ ਰੁਮਾਲੇ ਭੇਟਾ ਕਰਨੇ ਗੁਰਮਤਿ ਵਿਰੁੱਧ ਹਨ, ਕਿਉਕਿ ਤਸਵੀਰਾਂ ਮਨੋ-ਕਲਪਤ ਹੁੰਦੀਆਂ ਹਨ। ਸਿੱਖ ਧਰਮ ਮੂਰਤੀ-ਪੂਜਕ ਨਹੀਂ, ਨਿਰੋਲ ਸ਼ਬਦ ਦਾ ਪੁਜਾਰੀ ਹੈ। ਪਾਠ ਦੀ ਸਮਾਪਤੀ ਉਪਰੰਤ ਰੁਮਾਲਾ ਭੇਟਾ ਕਰਨ ਦੀ ਪੁਰਾਤਨ ਮਰਯਾਦਾ ਹੈ। ਰੁਮਾਲਾ ਭੇਟਾ ਕਰਨ ਸਮੇਂ ਜੇਕਰ ਪੂਰਾ ਸੈਟ (ਇਕ

ਦਰਸ਼ਨੀ ਰੁਮਾਲਾ, ਇਕ ਰੁਮਾਲਾ ਬਾਬਾ ਜੀ ਦੀ ਬੀੜ ਉਤੇ ਤੇ ਦੋ ਪਲਕਾਂ) ਭੇਟਾ ਕੀਤਾ ਜਾਵੇ ਤਾਂ ਬਹੁਤ ਸੁੰਦਰ ਹੈ। ਵਾਧੂ ਪਏ ਰੁਮਾਲਿਆਂ ਦੀ ਵਰਤੋਂ ਦੀ ਚੰਦੋਇਆਂ ਵਾਸਤੇ ਜਾਂ ਗੁਰਪੁਰਬਾਂ ਤੇ ਸਜਾਵਟ ਹਿਤ ਕਰ ਲੈਣੀ ਚਾਹੀਦੀ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਵਾਧੂ ਪਏ ਰੁਮਾਲੇ ਕਿਸੇ ਅਜਿਹੇ ਅਸਥਾਨ ਤੇ ਪਹੁੰਚਾ ਦਿਤੇ ਜਾਣ ਜਿਥੇ ਕਿ ਰੁਮਾਲਿਆਂ ਦੀ ਥੁੜ ਹੋਣ ਕਾਰਨ ਕਈ ਕਈ ਚਿਰ ਰੁਮਾਲੇ ਬਦਲੇ ਨਹੀਂ ਜਾਂਦੇ। ਅਜਿਹਾ ਕਰਨ ਨਾਲ ਗੁਰੂ ਮਹਾਰਾਜ ਦੀ ਸ਼ਾਨ ਹਰ ਅਸਥਾਨ ਤੇ ਬਰਾਬਰ ਰੱਖਣ ਵਿਚ ਮਦਦ ਮਿਲਦੀ ਹੈ।

(੧੧) ਬਾਬਾ ਜੀ ਦੀ ਬੀੜ ਦਾ ਪ੍ਰਕਾਸ਼ ਕਰਨ ਤੋਂ ਪਹਿਲਾਂ ਮੰਜੀ ਸਾਹਿਬ ਤੇ ਇਕ ਸੁੰਦਰ ਗਦੇਲਾ ਵਿਛਾਉਣਾ ਚਾਹੀਦਾ ਹੈ। ਗਦੇਲੇ ਉੱਪਰ ਇਕ ਸੁੰਦਰ ਰੁਮਾਲਾ ਵਿਛਾਇਆ ਜਾਵੇ ਅਤੇ ਉਸ ਉਤੇ ਦੇ ਗੋਲਦਾਰ ਵਡੇ ਸਿਰਾਣੇ (ਇਕ ਸੱਜੇ ਅਤੇ ਦੂਜਾ ਖੱਬੇ ਪਾਸੇ) ਸਜਾਏ ਜਾਣ ਅਤੇ ਤੀਜਾ ਸਿਰਾਣਾ (ਛੋਟੇ ਆਕਾਰ ਦਾ) ਵਿਚਕਾਰ (ਮੰਜੀ ਸਾਹਿਬ ਦੇ ਅਗਲੇ ਪਾਸੇ) ਰਖਿਆ ਜਾਏ । ਇਨਾਂ ਸਿਰ੍ਹਾਣਿਆਂ ਉਤੇ ਇਕ ਹੋਰ ਸੁੰਦਰ ਰੁਮਾਲਾ ਵਿਛਾਇਆ ਜਾਵੇ। ਇਨ੍ਹਾਂ ਸਿਰ੍ਹਾਣਿਆਂ ਉਤੇ ਇਕ ਹੋਰ ਸੁੰਦਰ ਰੁਮਾਲਾ ਵਿਛਾਇਆ ਜਾਵੇ। ਇਸੇ ਤਰ੍ਹਾਂ ਘਟੋ ਘੱਟ ਇਕ ਦਰਸ਼ਨੀ ਰੁਮਾਲਾ ਮੰਜੀ ਸਾਹਿਬ ਦੇ ਅਗੇ ਹੋਵੇ ਅਤੇ ਪ੍ਰਕਾਸ਼ ਕਰਨ ਉਪ੍ਰੰਤ ਗੁਰੂ ਮਹਾਰਾਜ ਉੱਪਰ ਘਟੋ ਘੱਟ ਦੋ ਰੁਮਾਲੇ ਦਿੱਤੇ ਜਾਣੇ ਯੋਗ ਹਨ। ਸੱਜੇ, ਖੱਬੇ ਦੋਹਾਂ ਪਾਸਿਆਂ ਵਾਲੀਆਂ ਦੋ ਪਲਕਾਂ, ਮੰਜੀ ਸਾਹਿਬ ਦੀ ਉਚਾਈ ਦੇ ਸਾਈਜ਼ ਦੀਆਂ ਲਾਉਣੀਆਂ ਚਾਹੀਦੀਆਂ ਹਨ। ਇੱਕ ਇੱਕ ਪਲਕ ਦੋਨਾਂ ਪਾਸਿਆਂ ਅੰਦਰ ਵਾਰ ਸਜਾਉਣੀ ਚਾਹੀਦੀ ਹੈ। ਇਹ ਪੁਰਾਤਨ ਮਰਯਾਦਾ ਹੈ ਅਤੇ ਇਸ ਨਾਲ ਬੀੜ ਦੇ ਪਤਰੇ ਠੀਕ ਰਹਿੰਦੇ ਹਨ ਤੇ ਚੰਗੀ ਸੰਭਾਲ ਰਹਿੰਦੀ ਹੈ। ਇਨ੍ਹਾਂ ਅੰਦਰਵਾਰ ਵਾਲੀਆਂ ਪਲਕਾਂ ਦਾ ਮੰਤਵ ਇਹ ਹੁੰਦਾ ਹੈ ਕਿ ਪਾਠ ਕਰਨ ਉਪਰੰਤ ਪੱਤਰਿਆਂ ਨੂੰ ਇਨ੍ਹਾ ਨਾਲ ਢੱਕ ਦਿੱਤਾ ਜਾਵੇ। ਅਗਲੇ ਪਾਸੇ ਲੱਗੇ ਹੋਏ ਦਰਸ਼ਨੀ ਰੁਮਾਲੇ ਉਤੇ ਫੁੱਲਦਾਨ, ਧੂਪ ਜਾਂ ਕੜਾਹ ਪ੍ਰਸ਼ਾਦ ਨਹੀਂ ਰੱਖਣੇ ਚਾਹੀਦੇ, ਕਿਉਕਿ ਕਈ ਵਾਰੀ ਫੁੱਲਦਾਨਾਂ ਵਿਚੋਂ ਪਾਣੀ ਡਲ੍ਹਣ ਨਾਲ ਰੁਮਾਲੇ ਖਰਾਬ ਹੋ ਜਾਂਦੇ ਹਨ। ਧੁਪ ਦੀ ਬੂਰ–ਅਗਨੀ ਡਿੱਗਣ ਨਾਲ ਰੁਮਾਲਿਆ ਤੇ ਦਾਗ ਪੈ ਜਾਣ ਦਾ ਡਰ ਹੁੰਦਾ ਹੈ ਅਤੇ ਕੁੜਾਹ ਪ੍ਰਸ਼ਾਦ ਨਾਲ ਰੁਮਲੇ ਥਿੰਦੇ ਹੋਣ ਦਾ ਡਰ ਰਹਿੰਦਾ ਹੈ ।

(੧੨) ਦਰਸ਼ਨੀ ਰੁਮਾਲੇ ਉਪਰ ਸ਼ਸ਼ਤਰ, ਚੱਕਰ, ਖੰਡੇ, ਸ੍ਰੀ ਸਾਹਿਬਾਂ ਆਦਿ ਸਜਾਉਣੇ ਸ਼ੋਭਨੀਕ ਤੇ ਪ੍ਰਭਾਵਸ਼ਾਲੀ ਹੁੰਦੇ ਹਨ। ਰੁਮਾਲਿਆਂ ਨੂੰ ਕੜਾਹ ਪ੍ਰਸ਼ਾਦ ਵਾਲੇ ਹੱਥ ਧੋ ਕੇ ਹੀ ਲਾਉਣੇ ਚਾਹੀਦੇ ਹਨ। ਰੁਮਾਲਿਆਂ ਦੀ ਧੁਲਾਈ ਤੇ ਸਫ਼ਾਈ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ।

(੧੩) ਗੁਰੂ ਮਹਾਰਾਜ ਜੀ ਸ਼ਬਦ–ਸਰੂਪ ਹਨ, ਇਸ ਲਈ ਗਰਮੀਆਂ, ਸਰਦੀਆਂ ਨੂੰ ਮੁੱਖ ਰੱਖ ਕੇ ਗਰਮ ਜਾਂ ਠੰਢੇ ਰੁਮਾਲੇ ਨਹੀਂ ਚੜ੍ਹਾਉਣੇ ਚਾਹੀਦੇ ਤੇ ਨਾ ਹੀ ਇਹ ਸੋਚਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਨੂੰ ਸਰਦੀ ਜਾਂ ਗਰਮੀ ਲਗਦੀ ਹੈ।

(੧੪) ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕਰਨਾ ਯੋਗ ਹੈ। ਜੁਰਾਬਾਂ ਸਮੇਤ ਤਾਬਿਆ ਬੈਠਣਾ ਸਖ਼ਤ ਬੇਅਦਵੀ ਹੈ। ਜਦੋਂ ਵੀ ਤਾਬਿਆ ਬੈਠਣਾ ਹੋਵੇ, ਪੰਜ–ਇਸ਼ਨਾਨਾ ਸੋਧ ਕੇ ਜਾਣਾ ਯੋਗ ਹੈ।

(੧੫) ਬਾਬਾ ਜੀ ਦਾ ਪ੍ਰਕਾਸ਼ ਕਰਨ ਤੋਂ ਪਹਿਲਾਂ ਨਿਮਰਤਾ ਸਹਿਤ ਖੜੇ ਹੋ ਕੇ ਸੰਖੇਪ ਅਰਦਾਸ ਜ਼ਰੂਰ ਕਰਨੀ ਚਾਹੀਦੀ ਹੈ। ਕਿਉਂਕਿ ਗੁਰੂ ਕਾ ਹੁਕਮ ਹੈ:–

ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥੧॥(੨੦)

ਸਲੋਕ ਮ: ੨, ਮਾਰੂ ਵਾਰ, ਪੰਨਾ ੧੦੯੩

ਅਰਦਾਸ ਤੋਂ ਬਾਅਦ ਪ੍ਰਕਾਸ਼ ਕਰਨ ਸਮੇਂ ਮਨ ਨੂੰ ਗੁਰੂ–ਚਰਨਾਂ ਵਿਚ ਜੋੜਨ ਹਿਤ ਬੇਨਤੀ ਦੇ ਸ਼ਬਦ ਪੜ੍ਹਨੇ ਚਾਹੀਦੇ ਹਨ। ਆਮ ਤੌਰ ਤੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ ਜਾਂਦਾ ਹੈ :–

(ੳ) ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥

(ਪੰਨਾ ੨੫੬)

(ਅ) ਧੰਨ ਸੁ ਵੇਲਾ ਜਿਤੁ ਦਰਸਨ ਕਰਣਾ॥
ਹਉ ਬਲਿਹਾਰੀ ਸਤਿਗੁਰ ਚਰਣਾ ॥੧॥
ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥
ਮਨ ਜੀਵੈ ਪ੍ਰਭ ਨਾਮੁ ਚਿਤੇਰੈ ॥੧॥ਰਹਾਉ॥
ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥
ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥
ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥
ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥
ਤੁਮ ਮਿਹਰਵਾਨ ਦਾਸ ਹਮ ਦੀਨਾ ॥
ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥

ਵਡਹੰਸੁ ਮਹਲਾ ੫, ਪੰਨਾ ੫੬੨

(ੲ) ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥

ਸਵਈਏ ਮਹਲੇ ਦੂਜੇ ਕੇ, ਪੰਨਾ ੧੩੯੨

(ਸ) ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥

ਸਤੇ ਬਲਵੰਡ ਦੀ ਵਾਰ, ਪੰਨਾ ੯੬੭

(੧੬) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਸਮੇਂ ਜੇ ਬਾਬਾ ਜੀ ਦੀ ਬੀੜ ਕਿਸੇ ਹੋਰ ਕਮਰੇ ਵਿਚ ਹੋਵੇ ਤਾਂ ਉਥੋਂ ਪਾਲਕੀ ਵਿਚ ਜਾਂ ਸੀਸ ਉਤੇ ਚੁੱਕ ਕੇ ਸਤਿਕਾਰ ਸਹਿਤ ਲਿਆਉਣੀ ਚਾਹੀਦੀ ਹੈ। ਇਸੇ ਤਰਾਂ ਪ੍ਰਕਾਸ਼ ਕਰਨ ਸਮੇਂ ਰੁਮਾਲੇ ਖੋਲਣ ਉਪਰੰਤ ਬੀੜ ਨੂੰ ਸੀਸ ਉਪਰ ਚੁੱਕ ਲੈਣਾ ਚਾਹੀਦਾ ਹੈ। ਸੀਸ ਤੇ ਚੁਕਣ ਸਮੇਂ ਸੀਸ ਤੇ ਸਾਫ ਕਪੜਾ ਰੱਖ ਅਤੇ ਬੀੜ ਦੇ ਉਪਰ ਵੀ ਰੁਮਾਲਾ ਜਾਂ ਪਲਕ ਰਖਣੀ ਜਰੂਰੀ ਹੈ। ਬੀੜ ਨੂੰ ਸੀਸ ਤੇ ਚੁਕਣ ਦੀ ਥਾਂ ਗੋਡਿਆਂ ਤੇ, ਸਟੂਲ ਜਾਂ ਧਰਤੀ ਤੇ ਰਖਣਾ ਘੋਰ ਨਿਰਾਦਰੀ ਕਰਨਾ ਹੈ।

(੧੭) ਪ੍ਰਕਾਸ਼ ਕਰਨ ਤੇ ਸਤਿਕਾਰ ਸਹਿਤ ਸੀਸ ਨਿਵਾਉਣਾ ਅਤੇ ਫ਼ਤਹ ਗਜਾਉਣੀ ਹਰੇਕ ਪ੍ਰਾਣੀ ਮਾਤਰ ਦਾ ਫਰਜ਼ ਬਣਦਾ ਹੈ।

(੧੮) ਹੁਕਮ ਲੈਣ ਲੱਗਿਆਂ ਜਾਂ ਪਾਠ ਕਰਨ ਸਮੇਂ ਰੁਮਾਲੇ ਨੂੰ ਪਤਰਿਆਂ ਵਿਚ ਨਹੀਂ ਦੇਣਾ ਚਾਹੀਦਾ, ਕਿਉਕਿ ਇਸ ਤਰ੍ਹਾਂ ਪੱਤਰੇ ਮੁੜ ਕੇ ਫਟ ਜਾਂਦੇ ਹਨ ।

(੧੯) ਪ੍ਰਕਾਸ਼ ਕਰਕੇ ਦਰਸ਼ਨ–ਸਮਾਪਤੀ ਉਪਰੰਤ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਪੱਤਰਿਆਂ ਦੀ ਇਕਸਾਰ ਵੰਡ ਰੱਖੀ ਜਾਵੇ। ਇਕ ਪਾਸੇ ਬਹੁਤ ਜ਼ਿਆਦਾ ਅਤੇ ਦੂਜੇ ਪਾਸੇ ਬਹੁਤ ਥੋੜੇ ਪੱਤਰੇ ਨਹੀਂ ਕਰਨੇ ਚਾਹੀਦੇ ।

(੨੦) ਹੁਕਮ ਲੈਣ ਸਮੇਂ ਪੱਤਰਿਆਂ ਨੂੰ ਬੜੇ ਸਤਿਕਾਰ ਅਤੇ ਭੈ–ਭਾਵਨੀ ਸਹਿਤ ਦੋਹਾਂ ਹੱਥਾਂ ਨਾਲ ਪਰਤਾਉਣਾ ਚਾਹੀਦਾ ਹੈ।

ਸਤਿਗੁਰੂ ਮਨ ਕਾਮਨਾ ਤੀਰਥੁ ਹੈ ਜਿਸਨੋ ਦੇਇ ਬੁਝਾਇ ॥
ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥ (੨੬)

ਹੁਕਮ ਅਨੁਸਾਰ ਸ਼ਰਧਾ ਤੇ ਭੈ–ਭਾਵਨੀ ਅਨੁਸਾਰ ਸਤਿਗੁਰੂ ਨੂੰ ਜਾਗਤ–ਜੋਤਿ, ਹਾਜ਼ਰਾ ਹਜ਼ੂਰ, ਜ਼ਾਹਿਰਾ ਜ਼ਹੂਰ ਸਰਬ ਕਲਾ ਭਰਪੂਰ ਸਮਝ ਕੇ ਸੇਵਾ ਕੀਤੀ ਹੀ ਫਲ ਦਾਤੀ ਹੈ।

(੨੧) ਪਾਠ ਕਰਨ ਸਮੇਂ ਮੰਜੀ ਸਾਹਿਬ ਉਪਰ ਬਾਹਵਾਂ ਦੀ ਟੇਕ ਜਾਂ ਢਾਸਣਾ ਲਾਉਣਾ ਠੀਕ ਨਹੀਂ। ਪਾਠ ਕਰਨ ਸਮੇਂ ਬੀੜ ਵਿਚ ਕਾਗਜ਼ ਦੀਆਂ ਨਿਸ਼ਾਨੀਆ ਰੱਖਣੀਆਂ ਯੋਗ ਨਹੀਂ। ਇਸ ਲੋੜ ਲਈ ਨੋਟ–ਬੁੱਕ ਮੰਜੀ ਸਾਹਿਬ ਦੇ ਹੇਠਾਂ ਜਾਂ ਜੇਬ ਵਿਚ ਰਖੀ ਜਾ ਸਕਦੀ ਹੈ ।

(੨੨) ਗੁਰੂ ਮਹਾਰਾਜ ਦੀ ਤਾਬਿਆ ਬੈਠਣ ਵਾਲਾ ਪ੍ਰੇਮੀ ਜੇ ਪਜਾਮੇ ਜਾਂ ਪੈਂਟ ਦੀ ਥਾਂ ਕਛਹਿਰਾ ਪਾ ਕੇ ਬੈਠੇ ਤਾਂ ਚੰਗੀ ਗੱਲ ਹੈ। ਪਰੰਤੂ ਸਿੰਘਣੀਆਂ ਨੂੰ ਸਿੱਖ ਸਮਾਜ ਵਿਚ ਬਰਾਬਰ ਦੇ ਅਧਿਕਰ ਹਨ ਅਤੇ ਉਨਾਂ ਲਈ ਸਲਵਾਰ ਤੋਂ ਬਿਨਾਂ ਤਾਬਿਆਂ ਵਿਚ ਬੈਠਣਾ ਸ਼ੋਭਾ ਨਹੀ ਦਿੰਦਾ ਇਸ ਲਈ ਸਵੱਛ ਚੂੜੀਦਾਰ ਪਜਾਮਾ ਜਾਂ ਸਲਵਾਰ ਨਾਲ ਬੈਠਿਆ ਜਾ ਸਕਦਾ ਹੈ।

(੨੩) ਗੁਰੂ ਮਹਾਰਾਜ ਦੀ ਤਾਬਿਆ ਬੈਠ ਕੇ ਪੈਰਾਂ ਨੂੰ ਹੱਥ ਲਾਉਣੇ ਠੀਕ ਨਹੀਂ। ਸਰੀਰਕ ਲੋੜੀਂਦੀ ਕਿਰਿਆ ਕਪੜੇ ਨਾਲ ਕਰਨੀ ਚਾਹੀਦੀ ਹੈ। ਮਹਾਰਾਜ ਜੀ ਦੀ ਤਾਬਿਆ ਸਾਵਧਾਨਤਾ ਸਹਿਤ ਬੈਠਣਾ ਚਾਹੀਦਾ ਹੈ। ਇਕ ਹੱਥ ਵਿਚ ਮਹਾਰਾਜ ਦੇ ਉਪਰ ਝੁਲਾਉਣ ਲਈ ਚੌਰ ਰੱਖਣਾ ਚਾਹੀਦਾ ਹੈ।

(੨੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉਤੇ ਸ਼ੁਨੀਲ, ਮਖ਼ਮਲ ਜਾਂ ਜ਼ੀਨ ਆਦਿ ਦੇ ਕਪੜੇ ਦਾ ਚੋਲਾ ਜ਼ਰੂਰ ਚੜਾਉਣਾ ਚਾਹੀਦਾ ਹੈ। ਇਸ ਨਾਲ ਬੀੜ ਦੀ ਜਿਲਦ ਦੀ ਸੰਭਾਲ ਰਹਿੰਦੀ ਹੈ।

(੨੫) ਕੀਰਤਨੀਏ ਸਿੰਘਾਂ ਨੂੰ ਗੁਰੂ ਮਹਾਰਾਜ ਜੀ ਦੇ ਸੱਜੇ ਪਾਸੇ ਸਜਣਾ ਚਾਹੀਦਾ ਹੈ। ਸ਼ਸ਼ਤਰਧਾਰੀਆਂ ਨੂੰ ਕੀਰਤਨੀ ਸਿੰਘਾਂ ਦੇ ਸਾਹਮਣੇ, ਗੁਰੂ ਮਹਾਰਾਜ ਜੀ ਦੇ ਖੱਬੇ ਪਾਸੇ ਸਜਣ ਦੀ ਪੁਰਾਤਨ ਮਰਯਾਦਾ ਹੈ। ਇਸ ਮਰਯਾਦਾ ਦੇ ਦਰਸ਼ਨ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤੇ ਜਾ ਸਕਦੇ ਹਨ।

(੨੬) ਕੀਰਤਨੀ ਸਿੰਘਾਂ ਅਤੇ ਪ੍ਰਚਾਰਕਾਂ ਆਦਿ ਨੂੰ ਕੇਵਲ ਕੀਰਤਨ ਜਾਂ ਵਖਿਆਨ ਸਮੇਂ ਹੀ ਸਟੇਜ ਤੇ ਬੈਠਣਾ ਚਾਹੀਦਾ ਹੈ, ਉਸਤੋਂ ਉਪਰੰਤ ਸੰਗਤ ਵਿਚ ਸਜ ਜਾਣਾ ਯੋਗ ਹੈ।

(੨੭) ਦਸਤਾਰ ਤੋਂ ਬਿਨਾਂ ਛੋਟੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਗੇ ਬੈਠਣਾ ਯੋਗ ਨਹੀਂ।

(੨੮) ਗੁਰੂ ਮਹਾਰਾਜ ਜੀ ਵਾਸਤੇ ਇੱਕ ਸੁੰਦਰ ਚੌਰ ਹੋਣਾ ਲਾਜ਼ਮੀ ਹੈ। ਚੌਰ ਰੱਖਣ ਲਈ ਵੱਖਰਾ ਟੇਬਲ ਜਾਂ ਚੌਕੀ ਹੋਣੀ ਚਾਹੀਦੀ ਹੈ, ਤਾਂ ਜੁ ਤਾਬਿਆ ਬੈਠਣ ਵਾਲੇ ਦੇ ਪੈਰਾਂ ਨਾਲ ਨਾ ਲੱਗੇ। ਚੌਰ ਖੜੇ ਹੋ ਕੇ ਕਰਨ ਦਾ ਯਤਨ ਕਰਨਾ ਚਾਹੀਦਾ ਹੈ, ਕਿਉਕਿ ਪੁਰਾਤਨ ਸਿੰਘ ਇਸੇ ਤਰ੍ਹਾਂ ਹੀ ਕਰਦੇ ਸਨ। ਚੋਰ ਪਿਛਲੇ ਪਾਸੇ ਜਾਂ ਸੱਜੇ ਖੱਬੇ ਖੜੋ ਕੇ ਕਰਨਾ ਚਾਹੀਦਾ ਹੈ। ਕਈ ਵੀਰ ਅਤੇ ਭੈਣਾਂ ਗੁਰੂ ਮਹਾਰਾਜ ਦੇ ਪ੍ਰਕਾਸ਼ ਦੇ ਅੱਗੇ ਦੀ ਪਰਕਰਮਾ ਕਰਦੇ ਹੋਏ ਚੌਰ ਕਰਦੇ ਹਨ, ਜੋ ਠੀਕ ਨਹੀ ਹੈ। ਪਾਲਕੀ ਹੋਣ ਦੀ ਸੂਰਤ ਵਿਚ ਚੌਰ ਚੰਗੀ ਤਰ੍ਹਾਂ ਨਹੀਂ ਹੋ ਸਕਦਾ। ਪਾਲਕੀ ਕੇਵਲ ਗੁਰੂ ਸਾਹਿਬ ਜੀ ਦੀ ਸਵਾਰੀ ਲਿਜਾਣ ਵਾਲੇ ਹੀ ਬਣਾਈ ਗਈ ਹੈ। ਇਸ ਲਈ ਚੰਗੀ ਗੱਲ ਇਹੋ ਹੈ ਕਿ ਪ੍ਰਕਾਸ਼ ਹਮੇਸ਼ਾ ਮੰਜੀ ਸਾਹਿਬ ਉੱਪਰ ਹੀ ਕੀਤਾ ਜਾਵੇ । ਚੌਰ ਨੂੰ ਰੁਮਾਲਿਆਂ ਜਾਂ ਪਤਰਿਆਂ ਦੀ ਸਫਾਈ ਲਈ ਵਰਤੋਂ ਵਿਚ

ਲਿਆਉਣਾ ਨਿਰੋਲ ਮਨਮਤਿ ਹੈ। ਇਸੇ ਸੇਵਾ ਲਈ ਇਕ ਵਾਧੂ ਸਾਫ ਰੁਮਾਲਾ ਰੱਖ ਲਿਆ ਜਾਵੇ। ਮੋਰਾਂ ਦੇ ਖੰਭਾਂ ਵਾਲੇ ਚੌਰ ਛੇਤੀ ਟੁੱਟ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਪੰਖੜੀਆਂ ਪੈਰਾਂ ਵਿਚ ਰੁਲਦੀਆਂ ਰਹਿੰਦੀਆਂ ਹਨ।

(੨੯) ਗੁਰੂ ਮਹਾਰਾਜ ਦੇ ਪ੍ਰਕਾਸ਼-ਅਸਥਾਨ ਤੇ, ਗੁਰੂ ਸਾਹਿਬ ਦੇ ਅੱਗੇ ਜਾਂ ਦੀਵਾਰਾਂ ਉਤੇ, ਕਿਸੇ ਪ੍ਰਕਾਰ ਦੀਆਂ ਮਨੁੱਖੀ ਜਾਂ ਗੁਰ-ਤਸਵੀਰਾਂ ਰੱਖਣੀਆਂ ਨਿਰੋਲ ਮਨਮਤਿ ਹੈ। ਇਨ੍ਹਾਂ ਕਾਗਜ਼ੀ ਚਿਤਰਾਂ ਨਾਲ ਗੁਰੂ-ਜੋਤਿ ਦਾ ਮੁਕਾਬਲਾ ਕਰਨਾ ਵੱਡੀ ਭੁੱਲ ਹੈ। ਇਨ੍ਹਾਂ ਚਿੱਤਰਾਂ ਦੀ ਬਜਾਏ ਗੁਰਬਾਣੀ ਦੀਆਂ ਸਿਖਿਆਦਾਇਕ ਅਤੇ ਆਦਰਸ਼ਕ ਪੰਗਤੀਆਂ ਦੇ ਕਿਤੇ ਲਾਉਣੇ ਯੋਗ ਅਤੇ ਲਾਭਦਾਇਕ ਹਨ। ਕਿਉਕਿ ਉਹ ਮਨੁੱਖੀ ਜੀਵਨ ਵਿਚ ਤਬਦੀਲੀ ਲਿਆਉਣ ਲਈ ਸਹਾਇਕ ਹੋ ਸਕਦੇ ਹਨ ਅਤੇ ਉਨਾਂ ਦੀ ਪ੍ਰਦਰਸ਼ਨੀ ਦਾ ਪ੍ਰਭਾਵ ਵੀ ਹਰ ਇਕ ਆਏ ਦਰਸ਼ਕ ਤੇ ਪੈ ਸਕਦਾ ਹੈ।

(੩੦) ਜੋ ਵੀ ਗੁਰੂ ਪਿਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨਾਂ ਲਈ ਜਾਵੇ ਉਹ ਬੜੇ ਸਤਿਕਾਰ ਨਾਲ ਜੋੜੇ ਖਾਨੇ ਵਿਚ ਜੋੜਾ ਰਖੇ, ਪੰਜ-ਇਸ਼ਨਾਨਾ ਕਰੇ ਤੇ ਜੇ ਭੀੜ ਹੋਵੇ ਤਾਂ ਲਾਈਨ ਵਿਚ ਰਹਿ ਕੇ ਮਹਾਰਾਜ ਦੇ ਹਜ਼ੂਰ ਜਾਵੇ । ਜਦ ਮੱਥਾ ਟੇਕਣ ਦਾ ਅਸਥਾਨ ਆਵੇ ਤਾਂ ਦੋਵੇਂ ਹੱਥ ਛਾਤੀ ਤਕ ਜੁੜੇ ਹੋਇਆਂ, ਸੀਸ ਨਿਵਾਣ ਤੋਂ ਬਾਅਦ ਦੋਵੇਂ ਹੱਥ ਅਤੇ ਗੋਡੇ ਧਰਤੀ ਤੇ ਟੇਕਣੇ ਚਾਹੀਦੇ ਹਨ ਤੇ ਭੇਟਾ ਵੀ ਬੜੇ ਸਤਿਕਾਰ ਨਾਲ ਅਰਪਣ ਕਰਨੀ ਚਾਹੀਦੀ ਹੈ ਅਤੇ ਮਸਤਕ ਪੂਰਾ ਧਰਤੀ ਨਾਲ ਛੁਹਾ ਕੇ ਉਠਾਣਾ ਚਾਹੀਦਾ ਹੈ। ਉਠਣ ਉਪਰੰਤ ਦੋਵੇਂ ਹੱਥ ਜੁੜਿਆਂ ਸਮੇਤ ਦੋਵੇਂ ਸਾਈਡਾਂ ਤੇ ਬੈਠੀਆਂ ਸੰਗਤਾਂ ਨੂੰ ਮਨ ਵਿਚ ਹੀ ਫ਼ਤਹ ਬੁਲਾਈ ਚਾਹੀਦੀ ਹੈ। ਜੇਕਰ ਪ੍ਰਕਰਮਾਂ ਦਾ ਯੋਗ ਪ੍ਰਬੰਧ ਹੋਵੇ ਤਾਂ ਪ੍ਰਕਰਮਾ ਕਰਕੇ ਯੋਗ ਸਥਾਨ ਤੇ ਜਾ ਕੇ ਬੈਠਣਾ ਚਾਹੀਦਾ ਹੈ।

ਗੁਰੂ ਬਾਬਾ ਜੀ ਦੇ ਚਰਨ ਵਿਚ ਮੱਥਾ ਟੇਕਦਿਆਂ ਸ਼ਰਧਾ ਤੇ ਸਤਿਕਾਰ ਨਾਲ ਦਰਸ਼ਨ ਭੇਟਾ ਅੱਗੇ ਰਖੋ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ:-

ਚਰਨ ਸਰਨ ਗੁਰੁ ਏਕ ਪੈਡਾ ਜਾਇ ਚਲ
ਸਤਿਗੁਰੁ ਕੋਟ ਪੈਡਾ ਆਗੇ ਹੋਇ ਲੇਤ ਹੈ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ
ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ।
ਭਾਵਨੀ ਭਗਤਿ ਭਾਇ ਕੋਡੀ ਅਗ੍ਰਭਾਗ ਰਾਖੇ
ਤਾਹਿ ਗੁਰੁ ਸਰਬ ਨਿਧਾਨ ਦਾਨ ਦਤ ਹੈ।
ਸਤਿਗੁਰ ਦਯਾਨਿਧਿ ਮਹਿਮਾ ਅਗਾਧਿ ਬੋਧ

ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥੧੧੧॥

(੩੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਸਮੇਂ, ਪਾਠ ਹੁੰਦਿਆਂ ਜਾਂ ਕੀਰਤਨ ਹੁੰਦਿਆਂ ਗੱਲਾਂ ਕਰਨੀਆਂ ਭਾਰੀ ਬੇਅਦਬੀ ਹੈ। ਜਿਸ ਦਾ ਅਸੀ ਸਤਿਕਾਰ ਕਰਦੇ ਹਾਂ ਉਸ ਦੇ ਬਚਨ ਸੁਣਦੇ ਹੋਇਆਂ ਜੋ ਅਸੀਂ ਕਿਸੇ ਹੋਰ ਨਾਲ ਗੱਲਾਂ ਕਰਨ ਲੱਗ ਜਾਈਏ ਤਾਂ ਇਹ ਕਿੰਨਾ ਅਯੋਗ ਹੈ? ਜਦ ਕੋਈ ਮਹਾਂਪੁਰਸ਼ ਕੁੱਝ ਬੋਲ ਰਿਹਾ ਹੋਵੇ ਅਤੇ ਭਾਵੇਂ ਸਾਨੂੰ ਉਸ ਗੱਲ ਦਾ ਪਤਾ ਵੀ ਹੋਵੇ ਤਾਂ ਵੀ ਸਤਿਕਾਰ ਦੀ ਮੰਗ ਹੈ ਕਿ ਅਸੀਂ ਸ਼ਾਂਤੀ ਤੇ ਪਿਆਰ ਨਾਲ ਉਹ ਗੱਲ ਸੁਣੀਏ। ਭੋਗ ਸਮੇਂ ਜਾਂ ਅਰਦਾਸ ਤੋਂ ਬਾਅਦ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੁਕਮ (ਵਾਕ ) ਲਿਆ ਜਾਂਦਾ ਹੈ ਤਾਂ ਉਸ ਵਾਕ ਨੂੰ ਸੁਣਦਿਆਂ ਸਾਡਾ ਉਨ੍ਹਾ ਤੁਕਾਂ ਨੂੰ ਨਾਲ ਨਾਲ ਉੱਚੀ ਉੱਚੀ ਪੜੀ ਜਾਣਾ ਬਿਲਕੁਲ ਨਹੀਂ ਢੁਕਦਾ। ਗੁਰਬਾਣੀ ਦਾ ਸਤਿਕਾਰ ਇਹ ਕਹਿੰਦਾ ਹੈ ਕਿ ਅਸੀਂ ਉਹ ਗੁਰਵਾਕ ਸ਼ਾਂਤੀ ਨਾਲ ਧਿਆਨ ਦੇ ਕੇ ਸੁਣੀਏ। ਕਿਉਂਕਿ ਅਸੀਂ ਤਾਂ ਗੁਰੂ ਦੇ ਹੁਕਮ ਨੂੰ ਸੁਣਨ ਲਈ ਬੈਠੇ ਹੁੰਦੇ ਹਾਂ, ਨਾ ਕਿ ਇਹ ਦੱਸਣ ਲਈ ਕਿ ਇਹ ਹੁਕਮ ਸਾਨੂੰ ਜ਼ਬਾਨੀ ਯਾਦ ਹੈ। ਜਦ ਚਿਤ ਲਾ ਕੇ ਸੁਣਾਂਗੇ ਤਾਂ ਅਰਥਾਂ ਦਾ ਗਿਆਨ ਹੋਵੇਗਾ ਅਤੇ ਇਸ ਤਰ੍ਹਾਂ ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਾਂਗੇ।

(੩੨) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿਚ ਕੀਰਤਨ ਹੁੰਦੇ ਸਮੇਂ ਹੁਕਮਨਾਮਾ ਲੈਣਾ ਯੋਗ ਨਹੀਂ ਹੈ।

(੩੩) ਮਹਾਰਾਜ ਦਾ ਪਾਠ ਹੁੰਦੇ ਸਮੇਂ, ਉਸੇ ਅਸਥਾਨ ਤੇ ਕੀਰਤਨ ਜਾਂ ਵਖਿਆਨ ਕਰਨਾ, ਮਹਾਰਾਜ ਦੀ ਬੇਅਦਬੀ ਹੈ। ਮਹਾਰਾਜ ਦਾ ਪਾਠ ਹੁੰਦਿਆਂ ਵਖਰੇ ਅਸਥਾਨ ਤੇ ਪ੍ਰਕਾਸ਼ ਕਰਕੇ ਕੀਰਤਨ ਹੋਣਾ ਚਾਹੀਦਾ ਹੈ।

(੩੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ (ਸੰਤੋਖਣ ਹਿਤ) ਪੰਜ ਸਾਫ਼ ਰੁਮਾਲਿਆਂ ਦੀ ਪੁਰਾਤਨ ਮਰਯਾਦਾ ਹੈ। ਇਹ ਰੁਮਾਲੇ ਪੀਠਦਾਰ ਤੇ ਮੁਲਾਇਮ ਕਪੜੇ ਦੇ ਹੋਣੇ ਚਾਹੀਦੇ ਹਨ। ਇਕੱਲਾ ਰੁਮਾਲਾ ਸੰਤੋਖਣ ਹਿੱਤ ਰਖਣਾ ਬਿਲਕੁਲ ਯੋਗ ਨਹੀਂ।

(੩੫) ਦਿਨ ਨੂੰ ਕਿਸੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁੱਖਆਸਨ ਕਰਨ ਵੇਲ਼ੇ ਸੋਹਿਲੇ ਦਾ ਪਾਠ ਕਰਨ ਦੀ ਕੋਈ ਮਰਯਾਦਾ ਨਹੀਂ। ਕੇਵਲ ਆਥਣ ਸਮੇਂ ਹੀ ਆਰਤੀ–ਸੋਹਿਲੇ ਦਾ ਪਾਠ ਕਰਨਾ ਯੋਗ ਹੈ। ਦਿਨ ਵੇਲੇ ਬੇਨਤੀ ਚੌਪਈ ਸਾਹਿਬ ਦਾ ਪਾਠ ਕਰਨਾ ਹੀ ਯੋਗ ਹੈ।

(੩੬) ਸੁੱਖਆਸਨ ਸਮੇਂ ਰੁਮਾਲੇ ਸੋਹਣੇ ਢੰਗ ਨਾਲ ਅਦਬ ਸਤਿਕਾਰ ਸਹਿਤ ਇਸ ਤਰਾਂ ਲਪੇਟੇ ਜਾਣ ਕਿ ਵਿਚ ਕੋਈ ਵੱਟ ਨਾ ਰਹੇ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਮਰਯਾਦਾ ਬੱਧੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ

ਸੁਖਾਸਨ ਅਸਥਾਨ ਵੱਖਰਾ ਹੋਵੇ। ਵੱਖਰੇ ਅਸਥਾਨ ਤੇ ਵੱਡਾ ਤੇ ਸੁੰਦਰ ਪਲੰਘ ਵਿਛਿਆ ਹੋਵੇ। ਪਲੰਘ ਉਤੇ ਚੰਦੋਆ ਜਾਂ ਚਾਦਰ ਤਾਣ ਦੇਣੀ ਜ਼ਰੂਰੀ ਹੈ ।

(੩੭) ਬਾਬਾ ਜੀ ਦੀ ਬੀੜ ਨੂੰ ਇਕ ਮਕਾਨ ਤੋਂ ਦੂਜੇ ਮਕਾਨ ਜਾਂ ਦੂਸਰੀ ਥਾਂ ਤੇ ਲੈ ਜਾਣ ਲਈ ਮੰਜੀ ਸਾਹਿਬ ਉਪਰ ਚੰਗੀ ਤਰ੍ਹਾਂ ਕਮਰਕਸਾ ਕਰਨਾ ਅਤੀ ਜ਼ਰੂਰੀ ਹੈ।

(੩੮) ਸੁੱਖਆਸਨ ਉਪਰੰਤ ਮੰਜੀ ਸਾਹਿਬ ਦੇ ਅਗੇ ਲੱਗਾ ਹੋਇਆ ਰੁਮਾਲਾ ਅਤੇ ਸ਼ਸ਼ਤਰ ਆਦਿ ਸਮੇਟ ਦੇਣ ਚਾਹੀਦੇ ਹਨ ਅਤੇ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਸ਼ਸਤਰਾਂ ਨੂੰ ਸਾਫ਼ ਕਰਕੇ ਰੁਮਾਲਿਆਂ ਸਮੇਤ ਦੁਬਾਰਾ ਸਜਾਉਣਾ ਚਾਹੀਦਾ ਹੈ। ਮਹਾਰਾਜ ਦਾ ਉਪਰਲਾ ਰੁਮਾਲਾ ਪਲੰਘ ਦੇ ਉਪਰਲੇ ਹਿੱਸੇ ਤੱਕ ਰਹਿਣਾ ਚਾਹੀਦਾ ਹੈ, ਹੇਠਾ ਪਾਵਿਆਂ ਤਕ ਨਹੀਂ ਕਰਨਾ ਚਾਹੀਦਾ ਤਾਂ ਜੁ ਤਾਬਿਆ ਬੈਠਣ ਵਾਲੇ ਦੇ ਪੈਰਾਂ ਨਾਲ ਨਾ ਲਗੇ।

(੩੯) ਸੁਖਾਸਨ ਉਪਰਤ ਮਹਾਰਾਜ ਦੀ ਵਿਛਾਈ ਵਾਲੇ ਸਥਾਨ ਦੀ ਰੋਜ਼ਾਨਾ ਸਫ਼ਾਈ ਕਰਨੀ ਜ਼ਰੂਰੀ ਹੈ।

(੪੦) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸੁੱਖਆਸਨ ਤੋਂ ਬਾਅਦ ਸਾਹਮਣੇ ਹੋ ਕੇ ਨਿਮਰਤਾ ਸਹਿਤ ਖੜੇ ਹੋ ਕੇ ਅਰਦਾਸ ਵਿਚ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਦਾਤਾਰ ਪਿਤਾ ਸ਼ਾਹਿਨਸ਼ਾਹ, ਦੋ ਜਹਾਨ ਦੇ ਵਾਲੀ, ਸ਼ਬਦ ਅਵਤਾਰ ਗੁਰੂ ਜੋਤਿ ਜੀਉ, ਆਪ ਜੀ ਦੀ ਸੇਵਾ ਕਰਦਿਆਂ ਗੁਰਬਾਣੀ ਪੜ੍ਹਦਿਆਂ, ਆਪ ਜੀ ਦੇ ਪਵਿਤਰ ਚਰਨਾਂ ਵਿਚ ਉਠਦਿਆਂ ਬੈਠਦਿਆਂ ਦਾਸਾਂ ਪਾਸੋਂ ਬੇਅੰਤ ਭੁੱਲਾਂ ਹੋ ਗਈਆਂ ਹੋਣਗੀਆਂ, ਆਪ ਜੀ ਬਖਸ਼ਨਹਾਰ ਪਿਤਾ ਹੋ, ਅਸੀਂ ਰੋਮ ਰੋਮ ਗੁਨਾਹਗਾਰ ਹਾਂ, ਆਪ ਜੀ ਕਿਰਪਾ ਕਰਕੇ ਆਪਣੀ ਸੇਵਾ ਆਪ ਗੁਰਮਤਿ ਅਨੁਸਾਰ ਕਰਨ ਦਾ ਬਲ ਬਖਸ਼ਿਸ ਕਰੋ ਜੀ, ਅੰਮ੍ਰਿਤ ਵੇਲੇ ਉਠਣ ਦਾ ਅਤੇ ਸੇਵਾ ਸੰਭਾਲ ਦਾ ਬਲ ਬਖਸ਼ੋ, ਸ਼ੁੱਧ ਗੁਰਬਾਣੀ ਪੜ੍ਹਨ ਦੀ ਬਲ ਬਖਸ਼ੋ, ਸਵਾਸ ਸਵਾਸ ਆਪਣਾ ਪਵਿਤਰ ਨਾਮ ਸਿਮਰਨ ਬਖਸ਼ੋ। ਇਨ੍ਹਾਂ ਬੇਨਤੀਆਂ ਦੇ ਨਾਲ ਇਸੇ ਭਾਵ ਦੇ ਸ਼ਬਦਾਂ ਦਾ ਉਚਾਰਨ ਕਰੋ:-

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥

ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥

(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੬)

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੇ ਦੁਖ ॥
ਦੇ ਨਾਮੁ ਸਖੀਆ ਉਤਰੈ ਮਨ ਕੀ ਭੁੱਖ॥੨॥੩)

(ਮ: ੫, ਰਾਮਕਲੀ ਕੀ ਵਾਰ, ਪੰਨਾ ੯੫੮)

ਸੇ ਸੰਜੋਗ ਕਰਹੁ ਮੇਰੇ ਪਿਆਰੇ ॥
ਜਿਤ ਰਸਨਾ ਨੇ ਹਰਿ ਨਾਮੁ ਉਚਾਰੈ ॥੧॥

(ਪੰਨਾ ੯੪੩)

ਸਤਿਗੁਰੂ ਸਚੇ ਪਾਤਿਸ਼ਾਹ ਜੀ, ਆਪ ਜੀ ਦਾ ਸੁਖਾਸਨ ਤਿਆਰ ਹੈ, ਆਪ ਜੀ ਆਪਣੇ ਨਿੱਜ ਅਸਥਾਨ ਤੇ ਬਿਰਾਜਮਾਨ ਹੋਵੇ ਤੇ ਦਾਸਾਂ ਨੂੰ ਖੁਸ਼ੀਆਂ ਬਖਸ਼ਿਸ਼ ਕਰੋ। ਅੰਮ੍ਰਿਤ ਵੇਲੇ ਆਪ ਜੀ ਨੇ ਆਪਣੇ ਪਵਿੱਤਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ। ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ॥ ਇਨ੍ਹਾਂ ਸ਼ਬਦਾਂ ਨਾਲ ਸਤਿਗੁਰੂ ਜੀ ਦੇ ਚਰਨਾਂ ਵਿਚ ਸੀਸ ਝੁਕਾਉ ਤੇ ਫ਼ਤਹ ਗਜਾਉਂਦੇ ਹੋਏ ਬਾਬਾ ਜੀ ਦੀ ਸਵਾਰੀ ਪਲੰਘ ਸਾਹਿਬ ਪਾਸ ਲੈ ਜਾਣ ਲਈ ਸੀਸ ਤੇ ਰੁਮਾਲਾ ਰੱਖ ਕੇ ਬਾਬਾ ਜੀ ਦੀ ਬੀੜ ਨੂੰ ਅਦਬ ਸਤਿਕਾਰ ਸਹਿਤ ਟਿਕਾਓ। ਪਿਛੇ ਕੋਈ ਪ੍ਰੇਮੀ ਚੌਰ ਨਾਲ ਸੇਵਾ ਕਰਦਾ ਜਾਵੇ ਤੇ ਇਸ ਸ਼ਬਦ ਦਾ ਉਚਾਰਨ ਕਰਦੇ ਹੋਏ:–

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥

(ਆਸਾ ਮ:੪ ਛੰਤ, ਪੰਨਾ ੪੫੦)

ਬਾਬਾ ਜੀ ਦੀ ਬੀੜ ਸੁਖਾਸਨ–ਅਸਥਾਨ ਤੇ ਸਤਿਕਾਰ ਸਹਿਤ ਬਿਰਾਜਮਾਨ ਕਰੋ ਤੇ ਜੈਕਾਰਾ ਗਜਾਓ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਦਰ ਸਤਿਕਾਰ, ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਦਾ ਨਮੂਨਾ ਸਾਹਮਣੇ ਰੱਖ ਕੇ ਕਰਨਾ ਕਰਾਉਣਾ ਸਾਡਾ ਸਭ ਦਾ ਫਰਜ਼ ਹੈ। ਉਥੇ ਕਿਸ ਤਰ੍ਹਾਂ ਪਿਆਰ ਸਤਿਕਾਰ ਨਾਲ ਮਹਾਰਾਜ ਦੀ ਸਵਾਰੀ ਸਵੇਰੇ ਲਿਆਈ ਜਾਂਦੀ ਹੈ ਅਤੇ ਕਿਸ ਤਰ੍ਹਾਂ ਸ਼ਾਮ ਨੂੰ ਵਾਪਸ ਲਿਜਾਈ ਜਾਂਦੀ ਹੈ– ਆਦਿ।

ਦੀਵਾਨ ਦੀ ਸਮਾਪਤੀ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਵਾਰੀ ਨੂੰ ਸੁੱਖ–ਆਸਨ ਸਥਾਨ ਤੇ ਪਹੁੰਚਾਇਆ ਜਾਣਾ ਜ਼ਰੂਰੀ ਹੈ। ਫਿਰ ਹੀ ਸੰਗਤ ਅਪਣੇ ਘਰਾਂ, ਕੰਮਾਂ ਕਾਰਾਂ ਨੂੰ ਜਾਵੇ। ਖ਼ਾਸ ਕਰਕੇ ਜਦ ਮਹਾਰਾਜ ਦੀ ਬੀੜ ਇਕ ਥਾਂ ਤੋਂ ਦੂਜੇ ਥਾਂ ਤੇ ਲੈ ਜਾਈ ਜਾਵੇ ਤਾਂ ਵੱਧ ਤੋਂ ਵੱਧ ਸੰਗਤ ਸ਼ਬਦ ਕੀਰਤਨ ਕਰਦੀ ਨਾਲ ਜਾਣੀ ਚਾਹੀਦੀ ਹੈ। ਵਿਆਹ ਸ਼ਾਦੀਆਂ ਸਮੇਂ ਅਨੰਦ ਕਾਰਜ, ਨਾਲ ਲਗਦੇ ਗੁਰਦੁਆਰੇ ਵਿਚ ਹੀ ਕਰਵਾਉਣੇ ਚਾਹੀਦੇ ਹਨ। ਕਿਉਂ ਜੁ ਘਰ ਵਾਲੇ ਰੁਝੇਵੇਂ ਵਿਚ ਹੁੰਦੇ ਹਨ ਅਤੇ ਜਾਂਝੀਆਂ ਮਾਝੀਆਂ – ਕਿਸੇ ਨੂੰ ਵੀ ਓਦੋਂ ਇਸ ਬਾਰੇ ਬਹੁਤਾ ਖਿਆਲ ਹੀ ਨਹੀਂ ਰਹਿੰਦਾ ਕਿ ਗੁਰੂ ਬਾਬਾ ਜੀ ਦਾ ਵੀ ਸਤਿਕਾਰ ਕਰਨਾ ਜ਼ਰੂਰੀ ਹੈ। ਭਾਵੇਂ ਇਸ ਵਿਚ ਕੋਈ ਸੰਦੇਹ ਨਹੀਂ ਕਿ ਜਿੰਨਾ ਸਤਿਕਾਰ ਸਿੱਖ, ਗੁਰੂ ਗਥ ਸਹਿਬ ਜੀ ਦਾ ਕਰਦੇ ਹਨ ਉਨਾ ਹੋਰ ਧਰਮਾਂ ਵਾਲੇ ਆਪਣੀਆਂ ਧਾਰਮਿਕ ਪੁਸਤਕਾਂ ਦਾ ਨਹੀਂ ਕਰਦੇ ।

ਇਸ ਦੇ ਨਾਲ ਨਾਲ ਸਾਨੂੰ, ਜੋ ਸਿਖਿਆ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦੀ ਹੈ ਉਸਤੋਂ ਤਨੋਂ ਮਨੋਂ ਅਮਲ ਕਰਨਾ ਚਾਹੀਦਾ ਹੈ।
ਤਾਂ ਕਿ ਸਾਡਾ ਲੋਕ ਪ੍ਰਲੋਕ ਸੁਹੇਲਾ ਹੋਵੇ ।

ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ॥੨॥

ਜ਼ਰੂਰੀ ਬੇਨਤੀ :– ਪਾਠਕ ਵੀਰਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਗੁਰਬਾਣੀ ਦੇ ਅਦਬ ਸਤਿਕਾਰ ਨੂੰ ਮੁੱਖ ਰਖਦੇ ਹੋਏ ਇਸ ਟ੍ਰੈਕਟ ਨੂੰ ਸੰਭਾਲ ਕੇ ਰੱਖੋ ਤੇ ਵੱਧ ਤੋਂ ਵਧ ਸੰਗਤਾਂ ਨੂੰ ਇਸ ਸਬੰਧੀ ਪ੍ਰੇਰਨਾ ਦੇਣ ਦੀ ਕਿਪਾਲਤਾ ਕਰੋ ਜੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਿਨ ਸਿੱਖ ਸ੍ਰੀ ਗੁਰੁ ਗ੍ਰੰਥ ਜੀ ਨੂੰ ਦਸਾਂ ਗੁਰੁ ਸਾਹਿਬਾਨ ਦਾ ਸੱਚਾ ਸਰੂਪ ਜਾਣਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਪੂਰਾ ਅਦਬ ਸਨਮਾਨ ਕਰਦੇ ਹਨ। ਸਿਰ ਸ਼ਾਹਾਂ ਦੇ ਸੱਚਾ ਸ਼ਾਹ, ਗੁਰੂ ਪਾਤਸ਼ਾਹ ਦੇ ਅਨਿੰਨ ਗੁਰਸਿੱਖਾਂ ਦਾ ਪੂਰਾ ਪੂਰਾ ਧਰਮ ਮਿਆਰ ਹੈ। ਅਦਬ ਸਨਮਾਨ ਹੇਠ ਲਿਖੀਆਂ ਸਿੱਖੀ ਸਿਦਕ ਦੀਆਂ ਅਨਿੰਨਤਾ ਪੂਰਤ ਸ਼ਰਧਾ-ਭਾਵਨੀਆਂ ਨਾਲ ਆਉਂਦਾ ਹੈ:

੧. ਮਨ, ਬਚਨ, ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਕਲਿਆਣਕਾਰੀ ਗੁਰੂ ਸਮਝਣਾ ਅਤੇ ਸ੍ਰੀ ਦਸਮੇਸ਼ ਜੀ ਦੇ ਹੁਕਮ ਅਨੁਸਾਰ ਹੋਰ ਕਿਸੇ ਵੀ ਦੇਹਧਾਰੀ ਡਿੰਭੀ ਗੁਰੂ ਉੱਤੇ ਕਲਿਆਣਕਾਰੀ ਗੁਰੂ ਵਾਲੀ ਸ਼ਰਧਾ ਨਹੀਂ ਲਿਆਵਣੀ।

੨. ਗੁਰੂ ਸੰਗਤ ਦੇ ਸਮਾਗਮ ਵਿਚ ਜਦੋਂ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤਾਂ ਉੱਚੇ ਸੁੱਚੇ ਸਿੰਘਾਸਣ ਉੱਤੇ ਹੋਵੇ।

੩. ਪ੍ਰਕਾਸ਼ ਰੂਪ ਸਿੰਘਾਸਨ ਸਰੂਪ ਉੱਤੇ ਸਜਾਏ ਹੋਏ ਬਸਤਰ ਚਾਹੇ ਸਿੱਧੇ ਸਾਦੇ ਹੀ ਹੋਣ, ਪਰੰਤੂ ਸੁੱਛ ਅਤੇ ਸਾਫ਼ ਕੀਤੇ ਹੋਏ ਹੋਣ। ਰੰਗਦਾਰ ਅਤੇ ਰੇਸ਼ਮੀ ਰੁਮਾਲਾਂ (ਪਟੋਲਿਆਂ) ਦਾ ਸਜਾਉਣਾ ਜ਼ਰੂਰੀ ਨਹੀਂ। ਖ਼ਾਸਕਰ ਗੁਰੂ ਪਾਤਸ਼ਾਹੀਆਂ ਦੀਆਂ ਬਨਾਬਟੀ ਤਸਵੀਰਾਂ ਵਾਲੇ ਰੁਮਾਲੇ ਅੱਗੇ ਅਤੇ ਉੱਤੇ ਸਜਾਉਣੇ ਮਹਾਂ ਮਨਮਤਿ ਵਿਚ ਦਾਖ਼ਲ ਹਨ।

੪. ਸਿੰਘਾਸਨੀ ਰੁਮਾਲ ਸਿੱਧੇ ਸਾਦੇ ਅਤੇ ਸਾਫ਼ ਘੱਟ ਤੋਂ ਘੱਟ ਪੰਜ ਹੋਣੇ ਚਾਹੀਦੇ ਹਨ।

੫. ਸੁਖਾਸਨੀ ਸਿੰਘਾਸਨ ਨਿਰਾਲੇ ਪੀੜ੍ਹੇ ਜਾਂ ਪਲੰਘ 'ਤੇ ਹੋਵੇ। ਹੇਠਾਂ ਗੁਦੇਲੇ ਜ਼ਰੂਰ ਵਿਛਾਏ ਜਾਣ ਅਤੇ ਉਪਰ ਚਾਨਣੈ ਜ਼ਰੂਰ ਹੋਵੇ।

੬. ਕਿਸੇ ਅਲਮਾਰੀ ਵਿਚ ਤਾੜ ਕੇ ਸ੍ਰੀ ਗੁਰੂ ਗ੍ਰੰਥ ਸਾਚਿਬ ਜੀ ਨੂੰ ਰੱਖਣਾ ਅਨਿੰਨਤਾ ਵਾਲੀ ਸਿੱਖੀ ਸਿਦਕ ਹੀਨਤਾ ਦੀ ਨਿਸ਼ਾਨੀ ਹੈ। ਜਿਸ ਗ਼ਰੀਬ ਦੇ ਗ੍ਰਹਿ ਵਿਖੇ ਵੱਖਰਾ ਕਮਰਾ ਸੁਖਾਸਨ ਵਾਲਾ ਤੇ ਪਲੰਘ-ਪੀੜ੍ਹਾ ਵਿਛਾਵਣ ਵਾਲਾ ਨਾ ਹੋਵੇ, ਉਹ ਵਿਚਾਰੇ ਗ਼ਰੀਬ ਸਿੱਕ ਆਪਣੀ ਵਿਓ ਅਨੁਸਾਰ, ਪਰ ਪੂਰਨ ਅਦਬ ਸਨਮਾਨ ਨਾਲ ਅਲਮਾਰੀ ਦੇ ਖੁੱਲ੍ਹੇ ਖ਼ਾਨੇ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਜਮਾ ਸਕਦੇ ਹਨ। ਪਰ ਉਹ ਖੁੱਲ੍ਹਾ ਖ਼ਾਨਾ ਹੇਠਾਂ ਉੱਤੇ ਸਿੱਧੇ ਸਾਦੇ ਗ਼ਰੀਬੋ-ਗ਼ਰੀਬੀ ਵਾਲੇ ਬਸਤਰਾਂ ਨਾਲ ਸੁਸ਼ੋਭਤ ਹੋਵੇ।

੭. ਸੁਖਾਸਨ ਵਾਲੇ ਅਸਥਾਨ ਵਿਖੇ ਧੂਪ ਧੁਖਾਣੀ ਆਈ ਜ਼ਰੂਰੂ ਹੈ।

੮. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਸਾਹਿਬਾਨ ਦਾ ਆਤਮਿਕ ਸਰੂਪ, ਉਸਨਸੀਤ ਅਤੇ ਖੁਧਿਆ-ਤ੍ਰਿਖਾ ਤੋਂ ਨਿਰਾਲਮ ਅਤੇ ਨਿਰਲੇਪ ਹਨ। ਇਸ ਕਰਕੇ ਗੁਰੂ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੁਨਾਲੇ ਸਿਆਲੇ ਦੇ ਖ਼ਿਆਲ ਅਨੁਸਾਰ

ਬਸਤਰ ਉਢਾਵਣੇ ਅਤੇ ਭੋਗ ਲੁਆਉਣਾ ਇਹ ਨਿਰੀ ਆਨਮਤੀਆਂ ਵਾਲੀ ਕਿਰਿਆ ਹੈ।

੯. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਰੂਪੀ ਦਰਬਾਰ ਵਿਚ ਜਾਂ ਸਿੰਘਾਸਨੀ ਅਸਥਾਪਨ ਉੱਤੇ ਦਸਾਂ ਗੁਰੂ ਪਾਤਸ਼ਾਹੀਆਂ ਦੀਆਂ ਬਨਾਵਟੀ ਤਸਵੀਰਾਂ ਅੱਗੇ ਪਿੱਛੇ ਰੱਖ ਕੇ ਸਜਾਵਣੀਆਂ ਨਿਰੀ ਮਨਮਤਿ ਹੈ।

੧੦. ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੋਣ, ਉਸ ਦਰਬਾਰੀ ਕਮਰੇ ਨੂੰ ਭਲੀ-ਭਾਂਤ ਸਫ਼ਾਈ ਸਹਿਤ ਸਜਾਵਣਾ ਅਤਿਅੰਤ ਜ਼ਰੂਰੂ ਹੈ ਅਤੇ ਦਰਬਾਰ ਵਿਖੇ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਚੌਰ ਕਰਨਾ ਵੀ ਪਰਮ ਸਨਮਾਨੀਕ ਅਤੇ ਅਦਬ ਪੂਰਤ ਹੈ; ਪਰੰਤੂ ਜਦ ਤਾਂਈ ਪਾਠੀ ਸਿੰਘ ਪਾਠ ਨਾ ਕਰੇ ਅਤੇ ਵਾਕ ਨਾ ਲਵੇ, ਓਦੋਂ ਤਾਈਂ ਕੋਈ ਸਿੰਘ ਸੱਜਣ ਖੜਾ ਹੋ ਕੇ ਚੌਰ ਕਰਦਾ ਰਹੇ।

੧੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਸਮੇਂ ਜਾਂ ਵਾਕ ਲੈਣ ਸਮੇਂ ਜੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ, ਉਹ ਪੰਜ-ਇਸ਼ਨਾਨਾ ਕਰ ਕੇ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਇਸ ਪ੍ਰਕਾਰ ਬੈਠਣਾ ਪੂਰਨ ਅਦਬ ਸਨਮਾਨਤਾ ਦੀ ਨਿਸ਼ਾਨੀ ਹ। ਜੋ ਕਾਹਲੇ ਬਿਵਹਾਰੀ ਲੋਕ ਬਿਨਾਂ ਪੰਜ-ਇਸ਼ਨਾਨੀ ਕੀਤੇ ਦੇ ਜੋੜਿਆਂ ਵਾਲੇ ਪੈਰਾਂ ਸਮੇਤ ਨਿਰਝੱਕ ਹੋ ਕੇ ਤਾਬੇ ਸਜ ਜਾਂਦੇ ਹਨ, ਉਹ ਅਨਿੰਨ ਸ਼ਰਧਾ ਵਾਲੇ ਸਿੱਖ ਨਹੀਂ ਕਹਾ ਸਕਦੇ। ਇਹ ਬੜੀ ਭਾਰੀ ਬੇਅਦਬੀ ਹੈ। ਜੋ ਲੋਕ ਮੈਦਾਨੇ (ਪਾਖ਼ਾਨੇ) ਜਾਣ ਵਾਲੇ ਪਾਜਾਮੇ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ, ਉਹ ਬੜੀ ਭਾਰੀ ਭੁੱਲ ਕਰਦੇ ਹਨ। ਸੱਚੀ ਸੁਚਿਆਰਤਾ ਇਹ ਹੈ ਕਿ ਪਾਜਾਮਾ ਲਾਹ ਕੇ ਅਤੇ ਪੰਜ-ਇਸ਼ਨਾਨਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਿਆ ਜਾਵੇ। ਜਿਨ੍ਹਾਂ ਲੋਕਾਂ ਦੇ ਤੇੜ ਕਛਹਿਰੇ ਨਹੀਂ ਹੁੰਦੇ ਜਾਂ ਅਟਪਟੇ ਕਛਹਿਰੇ (ਨਿਕਰਾਂ) ਪਾਏ ਹੁੰਦੇ ਹਨ, ਉਹ ਆਪਣਾ ਪਾਜ ਉਘੜਨ ਤੋਂ ਡਰਦੇ ਅਕਸਰ ਪਾਜਾਮੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ।

੧੨. ਮਾਈਆਂ ਬੀਬੀਆਂ ਲਈ ਇਹ ਹੁਕਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜਣ ਸਮੇਂ ਅਣਕਗ ਸਲਵਾਰਾਂ ਪਾਜਾਮੇ ਪਾ ਕੇ ਬੈਠਣ, ਕਦੀ ਵੀ ਵਰਤੋਂ ਵਿਚ ਆਏ ਸੜੇ ਹੋਏ ਪਾਜਾਮੇ (ਸਲਵਾਰਾਂ) ਪਾ ਕੇ ਨਾ ਬੈਠਣਾ। ਉਹ ਜ਼ਰੂਰ ਪੈਰ ਧੋ ਕੇ ਬੈਠਣ। ਜੋ ਸਲਵਾਰ (ਪਾਜਾਮਾ) ਜੁੱਤੀ ਨਾਲ ਲੱਗ ਚੁੱਕਿਆ ਹੋਵੇ, ਉਹ ਵੀ ਪਹਿਨ ਕੇ ਤਾਬੇ ਨਾ ਬੈਠਣ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸੂੱਛ ਸਲਵਾਰ ਪਾਜਾਮੇ ਦਾ ਪਹਿਰਾਵਾ ਗੁਰੂ ਦਰਬਾਰੀ-ਪੁਸ਼ਾਕ ਵਿਚ ਸ਼ਾਮਲ ਹੈ। ਇਹੋ ਕਾਰਨ ਹੈ ਕਿ ਅਸੀਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਕਟੀ ਸੇਵਾਦਾਰਾਂ ਨੂੰ ਪਾਜਾਮੇ ਸਜਾਏ ਵੇਖਦੇ ਹਾਂ, ਪਰੰਤੂ ਇਹ ਗੱਲ ਵਿੱਦਿਤ ਰਹੇ ਕਿ ਉਨ੍ਹਾਂ ਦੇ ਇਸ ਸੇਵਾ, ਨਿਕਟਤਾ ਨਮਿੱਤ ਸਜਾਏ ਹੋਏ ਪਾਜਾਮੇ ਖ਼ਾਸ ਰੱਖੇ ਹੋਏ ਹੁੰਦੇ ਹਨ, ਜਿਨ੍ਹਾਂ ਨੂੰ ਉਹ ਸਿਰਫ਼ ਉਸ ਸੇਵਾ ਸਮੇਂ ਹੀ ਸਜਾਉਂਦੇ

ਹਨ, ਆਮ ਖ਼ਾਸ ਵਰਤੋਂ ਵਿਚ ਨਹੀਂ ਲਿਆਉਂਦੇ। ਜੋ ਨਿਕਟੀ ਸੇਵਾਦਾਰ ਇਸ ਅਦਬ ਸਮਾਨਤਾ ਪੂਰਤ ਧਾਰਨਾ ਨੂੰ ਨਹੀਂ ਧਾਰਦਾ, ਉਹ ਗੁਰੂ ਸਾਹਿਬ ਦਾ ਪੂਰਾ ਦੇਣਦਾਰ ਹੁੰਦਾ ਹੈ। ਤਿੰਨ੍ਹਾਂ ਜਿਹੇ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਜਾ ਬੈਠਦੇ ਹਨ, ਉਹ ਅਦਬ ਸਨਮਾਨਤਾ ਵਾਲੀ ਰਹਿਤ-ਰਹਿਣੀ ਤੋਂ ਉੱਕੇ ਹੀ ਬੰਚਿਤ ਹਨ। ਤਿੰਨ੍ਹਾਂ ਦੀ ਅਨਿੰਨ ਭਗਤੀ ਕੀਤੀ ਹੋਈ ਕਦੇ ਵੀ ਪੂਰਨ ਤੌਰ 'ਤੇ ਫਲਦਾਇਕ ਨਹੀਂ ਹੁੰਦੀ।

ਕਈ ਨਾਮ-ਧਰੀਕ ਨਿਰਭੈ ਸਿੱਖ ਅਸੀਂ ਐਸੇ ਵੀ ਡਿੱਠੇ ਹਨ, ਜੋ ਸੜੇ ਹੋਏ ਪਾਜਾਮੇ ਅਤੇ ਸੜੀਆਂ ਹੋਈਆਂ ਜੁਰਾਬਾਂ ਵਾਲੇ ਪੈਰਾਂ ਸਮੇਤ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਿ ਤਾਬੇ ਜਾ ਬੈਠਦੇ ਹਨ ਅਤੇ ਨਿਰਭੈ ਹੋ ਕੇ ਪਾਠ ਕਰਨ ਲੱਗ ਪੈਂਦੇ ਹਨ। ਉਨ੍ਹਾਂ ਦੇ ਪੈਰਾਂ ਵਿਚ ਪਾਏ ਹੋਏ ਬੂਟਾਂ ਤੋਂ ਅਤੇ ਬੂਟਾਂ ਵਾਲੀਆਂ ਜੁਰਾਬਾਂ ਤੋਂ ਸੜੇ ਹੋਏ ਚਮੜੇ ਦੀ ਮੁਸ਼ਕ ਆਉਂਦੀ ਹੈ। ਫੇਰ ਵੀ ਉਹ ਇਸ ਤਰ੍ਹਾਂ ਤਾਬੇ ਬੈਠਣ ਸਮੇਂ ਪ੍ਰਵਾਹ ਨਹੀਂ ਕਰਦੇ। ਉਂਜ ਉਹ ਗੁਰੂ-ਦਰਸ਼ਨਾਂ ਦੇ ਪੱਕੇ ਨੁਮੀ-ਪ੍ਰੇਮੀ ਆਪਣੇ ਆਪ ਨੂੰ ਜ਼ਾਹਰ ਕਰਦੇ ਹਨ ਅਤੇ ਬੜੇ ਦਾਅਵੇ ਨਾਲ ਕਹਿੰਦੇ ਹਨ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਉੱਕਾ ਹੀ ਅੰਨ-ਜਲ ਪਾਨ ਨਹੀਂ ਕਰਦੇ ਅਤੇ ਨਾ ਹੀ ਕਿਸੇ ਕੰਮ ਨੂੰ ਹੱਥ ਲਾਉਂਦੇ ਹਾਂ। ਅਸੀਂ ਉਨ੍ਹਾਂ ਦੀ ਇਸ ਨੇਮ ਭਰੀ ਨਿਮਰਤਾ ਤੋਂ ਕੁਰਬਾਨ ਜਾਂਦੇ ਹਾਂ। ਕਾਸ਼ ਕਿ ਉਹ ਉਪਰ ਦੱਸੀ ਸ਼ਰਧਾ ਸਨਮਾਨਤਾ ਦੇ ਵੀ ਧਾਰਨੀ ਹੋਣ!

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਹੁਕਮ ਲੈਣਾ

ਸਿੱਖ ਲਈ ਸੱਚੇ ਗੁਰਦੇਵ, ਗਰੀਬ ਨਿਵਾਜ਼, ਜਾਗਤ ਜੋਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਭ ਕੁੱਝ ਹਨ। ਸਿੱਖ ਆਪਣੇ ਦੁੱਖ-ਸੁੱਖ ਦੀ ਬਿਰਥਾ ਸਤਿਗੁਰੂ ਜੀ ਪਾਸ ਹੀ ਰੱਖਦਾ ਹੈ। ਅੱਜ ਵੀ ਗੁਰੂ ਸਾਹਿਬ ਜੀ ਵਿਥਿਆ ਸੁਣ ਕੇ ਇਲਾਹੀ ਹੁਕਮ ਉਵੇਂ ਹੀ ਬਖਸ਼ਦੇ ਹਨ ਜਿਵੇਂ ਕਿ ਸਰੀਰਕ ਜਾਮਿਆ ਅੰਦਰ। ਪੁਰਾਤਨ ਗੁਰਸਿੱਖ ਕਿਸੇ ਵੀ ਸਮਾਗਮ, ਚਾਹੇ ਉਹ ਸ੍ਰੀ ਅਖੰਡ ਪਾਠ ਸਾਹਿਬ ਹੋਵੇ ਜਾਂ ਅਖੰਡ ਕੀਰਤਨ ਦੇ ਹੋਵਣ ਤਿਨ੍ਹਾ ਦੀ ਸੰਪੂਰਨਤਾ 'ਤੇ ਗੁਰੂ ਹੁਕਮ ਸੁਣ ਕੇ ਅਤੇ ਪੰਚਾਂ-ਅੰਮ੍ਰਿਤ ਦੇਗ ਵਰਤਣ ਬਾਅਦ ਹੀ ਚੋਂਕੜਾ ਤੋਂ ਉਠਦੇ ਸਨ। ਆਏ ਹੋਏ ਹੁਕਮਨਾਮੇ ਤੋਂ ਪਤਾ ਲਗਾ ਲੈਂਦੇ ਸਨ ਕਿ ਸਮਾਗਮ ਪ੍ਰਤੀ ਜਾਂ ਜਿਸ ਪਰਥਾਇ ਸਮਾਗਮ ਹੋਇਆ ਉਸ ਬਾਰੇ ਗੁਰੂ ਸਾਹਿਬ ਜੀ ਨੇ ਕੀ ਫੁਰਮਾਇਆ ਹੈ।

ਤਕਰੀਬਨ ਦੋ ਦਹਾਕੇ ਪਹਿਲਾਂ ਦੀ ਗੱਲ ਹੈ ਕਿ ਇਕ ਵਿਛੁੜੀ ਹੋਈ ਗੁਰਸਿੱਖ ਰੂਹ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਸਮਾਗਮ ਹੋਏ। ਉਹਨਾਂ ਦੇ ਇੱਕ ਸੰਗੀ ਸਾਥੀ ਦੇ ਮਨ ਵਿੱਚ ਵੈਰਾਗ ਸੀ ਅਤੇ ਫੁਰਨਾ ਆਇਆ ਕਿ ਗੁਰੂ ਸਾਹਿਬ ਜੀ ਤੋਂ ਅਰਜ਼ੋਈ ਕਰਕੇ ਪੁੱਛਿਆ ਜਾਏ ਕਿ ਸਿੰਘ ਕਿਵੇਂ ਹੈ। ਵੈਰਾਗ ਮਈ ਦਸ਼ਾ ਵਿਚ ਅਰਦਾਸ ਕੀਤੀ ਅਤੇ ਮਨੋ ਮਨੀ ਵਿਰਥਾ ਵੀ ਰੱਖ ਦਿੱਤੀ। ਗੁਰੂ ਸਾਹਿਬ ਜੀ ਨੇ ਵੇਦਨਾ ਸੁਣ ਕੇ ਜਿਉਂ ਹੀ ਹੁਕਮ ਸੁਣਾਉਣਾ ਸ਼ੁਰੂ ਕੀਤਾ ਤਾਂ ਸਿੰਘ ਦੀ ਧਾਹ ਛੁੱਟ ਗਈ। ਮਰਯਾਦਾ ਸਹਿਤ ਲਿਆ ਜੋ ਹੁਕਮ ਪ੍ਰਾਪਤ ਹੋਇਆ ਸੀ:

*ਬਿਲਾਵਲੁ ਮਹਲਾ ੫ ॥*

*ਦੋਵੈ ਥਾਵ ਰਖੇ ਗੁਰ ਸੂਰੇ ॥ ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥ ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥ ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ ॥੧॥ ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ॥ ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥੨॥੨੨॥੧੦੮॥*

ਓਸ ਸਿੰਘ ਨੇ ਬਾਅਦ ਵਿੱਚ ਜਾ ਕੇ ਨਿਕਵਰਤੀਆਂ ਨਾਲ ਇਸ ਗੱਲ ਦੀ ਸਾਂਝ ਪਾਈ ਸੀ। ਗੁਰਮਤਿ ਦੀਆ ਸੂਖਮ ਬਾਰੀਕੀਆਂ ਨੂੰ ਜਾਣਨਾ ਪੈਂਦਾ ਹੈ ਜੋ ਗੁਰਪ੍ਰਸਾਦਿ ਸਦਕਾ ਹੀ ਸੰਭਵ ਹੈ। ਗੁਰਸਿੱਖਾਂ ਦੀ ਸੰਗਤ ਕਰਨ ਤੋਂ ਪਤਾ ਲਗਦਾ ਹੈ ਕਿ ਹੁਕਮਨਾਮਾ ਲੈਣ ਲਈ ਮਰਯਾਦਾ ਨੂੰ ਤਿੰਨ ਮੁੱਢਲੇ ਭਾਗਾਂ ਵਿੱਚ ਬਿਆਨਿਆ ਜਾ ਸਕਦਾ ਹੈ:-

੧) ਤਿਆਰ ਬਰ ਤਿਆਰ ਸਿੰਘ ਵਲੋਂ ਭਾਉ-ਭਾਵਨੀ ਸਹਿਤ ਅਰਦਾਸ ਬੇਨਤੀ ਕਰਨੀ।

੨) ਅਰਦਾਸ ਮਗਰੋਂ ਹੁਕਮਨਾਮਾ ਲੈਣ ਤੋਂ ਪਹਿਲਾ ਚੌਰ ਕਰਦੇ ਹੋਏ ਗੁਰੂ ਉਸਤਤੀ ਲਈ ਸਲੋਕ, ਸਵੱਈਏ, ਛੰਦ ਜਾਂ ਹੋਰ ਗੁਰਬਾਣੀ ਦੀਆਂ ਤੁਕਾਂ ਪੜ ਲੈਣੀਆਂ ਚਾਹੀਦੀਆਂ ਹਨ। ਫਿਰ ਸਤਿਕਾਰ ਸਹਿਤ ਰੁਮਾਲ ਗੁਰੂ ਸਾਹਿਬ ਜੀ ਦੇ ਸਰੂਪ ਤੋਂ ਉਠਾ ਕੇ ਪੀੜਾ ਸਾਹਿਬ ਤੇ ਅੱਛੀ ਤਰ੍ਹਾਂ ਸੰਭਾਲ ਕੇ ਟਿਕਾ ਲੈਣਾ ਚਾਹੀਦਾ ਹੈ, ਤਾਂ ਕਿ ਅੱਗੇ ਵੱਲ ਨਾ ਡਿੱਗੇ। ਸਤਿਗੁਰੂ ਜੀ ਨੂੰ ਨਮਸਕਾਰ ਕਰਕੇ, ਚੁੱਬਾ ਮਾਰਨਾ ਚਾਹੀਦਾ ਹੈ। ਚੁੱਬਾ ਮਾਰਨਾ ਤੋਂ ਭਾਵ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਤਰੇ ਕਰ ਕਮਲਾਂ ਦੁਆਰਾ ਖੱਬੇ ਜਾਂ ਸੱਜੇ ਪਾਸੇ ਵਲੋਂ ਇੱਕ ਵਾਰ ਪਰਤਣੇ ਹੁੰਦੇ ਹਨ। ਇਸ ਪੂਰਬਕ ਸਤਿਗੁਰੂ ਜੀ ਐਨ ਬਿਰਥਾ ਪ੍ਰਥਾਇ ਆਉਣ ਵਾਲੇ ਹੁਕਮ ਦੇ ਪੰਨੇ ਤੇ ਲੈ ਜਾਂਦੇ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੀ ਜ਼ੇਲ ਚਿੱਠੀਆ ਪੁਸਤਕ ਅੰਦਰ, ਅਕਾਲੀ ਜੋਤ ਦੇ ਦਰਸ਼ਨ ਵਾਲੇ ਪ੍ਰਸੰਗ 'ਚ ਲ਼ਿਖਦੇ ਹਨ ਕਿ *"ਮਹਾਰਾਜ ਦੀਆਂ ਪੰਜ ਪ੍ਰਕਰਮਾਂ ਕਰਕੇ ਡੰਡਉਤ ਬੰਦਨਾ ਕਰਕੇ ਤਾਬੇ ਆ ਕੇ ਵਾਕ ਲੈਣ ਲਈ ਚੁੱਭਾ ਮਾਰਿਆ ਤਾਂ ਅਨੰਦ ਸਾਹਿਬ ਦਾ ਪਹਿਲਾ ਪਉੜਾ ਨਿਕਲਿਆ। ਐਸੀ ਲਟਕ ਤੇ ਮੌਜ ਵਿਚ ਪਾਠ ਹੋਇਆ ਕਿ ਦੇਖਾ ਹੀ ਪਰਵਾਣ ਹੈ। ਅੱਜ ਅਨੰਦੁ ਦੇ ਅਸਲ ਅਰਥਾਂ ਦਾ ਪਤਾ ਲੱਗਾ"।* ਉਸ ਦਿਨ ਹੀ ਭਾਈ ਸਾਹਿਬ ਜੀ ਨੂੰ ਪਹਿਲੀ ਵਾਰ ਸ੍ਰੀ ਅਖੰਡ ਪਾਠ ਇੱਕ ਚੋਕੜੇ ਵਿੱਚ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਜਿਸਦੇ ਫਲ ਸਰੂਪ ਪੂਰੇ ਸਤਿਗੁਰੂ ਜੀ ਦੀ ਬਾਣੀ ਦਾ ਅਨੰਦ ਤਾਂ ਮਾਣਿਆ ਹੀ, ਉਥੇ ਹੀ ਇਸ ਅਖੰਡ ਪਾਠ ਸਾਹਿਬ ਦੇ ਪ੍ਰਤਾਪ ਕਰਕੇ ਦਸਮ ਦੁਆਰੀ ਖੇਡ ਵੀ ਵਰਤੀ।

ਸੋ, ਜਿਕਰ ਕਰਨ ਦਾ ਭਾਵ ਇਹ ਹੈ ਜੋ ਸਤਿਗੁਰੂ ਜੀ ਦੇ ਹੁਕਮ ਆਉਂਦੇ ਹਨ ਉਹ ਖੇਡ ਵਰਤਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਭਾਵਨਾ ਅਤੇ ਮਰਯਾਦਾ ਸਹਿਤ ਲਏ ਹੁਕਮ ਬਿਲਕੁਲ ਢੁਕਵੇਂ ਹੀ ਆਉਂਦੇ ਹਨ। ਭਾਈ ਸਾਹਿਬ ਜੀ ਨੇ ਲਿਖਿਆ ਹੈ ਕਿ 'ਚੁੱਬਾ ਮਾਰਿਆ' ਭਾਵ ਕਿ ਪੱਤਰੇ ਪਰਤਾਏ ਅਤੇ ਕੇਵਲ ਇਕਵਾਰ ਹੀ ਪਰਤੇ। ਨਾ ਕਿ ਦੋ ਜਾਂ ਤਿੰਨ ਵਾਰ ਜਿਵੇਂ ਕਈ ਵੀਰ ਕਰ ਲੈਂਦੇ ਹਨ। ਜੇਕਰ ਇੱਕ ਤੋਂ ਵੱਧ ਵਾਰ ਪਰਤੇ ਹੁੰਦੇ ਤਾਂ 'ਚੁੱਬੇ ਮਾਰੇ' ਲਿਖਿਆ ਹੁੰਦਾ। ਕਈ ਵੀਰ ਤਾਂ ਚੁੱਬਾ ਮਾਰਦੇ ਹੀ ਨਹੀਂ, ਸਿੱਧਾ ਹੀ ਹੁਕਮ ਲੈਣਾ ਆਰੰਭ ਕਰ ਦਿੰਦੇ ਹਨ। ਭਾਂਵੇ ਕਿ ਸਤਿਗੁਰੂ ਜੀ ਦੀ ਸਮੱਗਰ ਬਾਣੀ ਹੁਕਮ ਸਰੂਪ ਹੀ ਹੈ, ਪਰ ਜਿਸ ਭਾਵਨਾ ਨਾਲ ਜਾਂ ਜਿਸ ਕਾਰਜ ਦੀ ਅਰਦਾਸ ਕੀਤੀ ਹੋਈ ਹੁੰਦੀ ਹੈ ਉਸ ਪਰਥਾਇ ਹੁਕਮ ਲੈਣ ਲੱਗੇ ਇਕ ਚੁੱਬਾ ਮਾਰਨਾ ਚਾਹੀਦਾ ਹੈ। ਹੋਰ ਵੀ ਬਹੁਤ ਉਦਾਰਹਨਾਂ ਹਨ ਪਰ ਇਥੇ ਇੰਨਾ ਹੀ ਕਾਫੀ ਹੈ। ਬਾਕੀ ਪ੍ਰਕਾਸ਼ ਸੇਵਾ ਕਰਨ ਵਖਤ ਚੁੱਬਾ ਮਾਰਨ ਦੀ ਜਰੂਰਤ ਨਹੀਂ ਪੈਂਦੀ, ਕਿਉਂਕਿ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਪੱਤਰਾ ਜਿਸਤੋਂ ਹੁਕਮ ਲੈਣਾ ਹੈ ਉਹ ਸਹਿਜ ਸੁਭਾਇ ਹੀ ਆ ਜਾਂਦਾ ਹੈ।

੩) ਹੁਕਮਨਾਮੇ ਵਾਲਾ ਸ਼ਬਦ ਕਿਥੋਂ ਪੜਨਾ ਹੈ, ਇਸਦਾ ਵਰਨਣ ਸਿੱਖ ਰਹਿਤ ਮਰਯਾਦਾ ਵਿੱਚ ਵੀ ਅੰਕਿਤ ਕੀਤਾ ਗਿਆ ਹੈ ਕਿ:

*'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।*

ਸੋ, ਹੁਕਮਨਾਮਾ ਲੈਣ ਦੀ ਮਰਯਾਦਾ ਦੇ ਅਗਰ ਇਹ ਤਿੰਨ ਮੁੱਢਲੇ ਭਾਗਾਂ ਦਾ ਪਾਲਨ ਕੀਤਾ ਜਾਵੇ ਤਾਂ ਅਵੱਸ਼ ਹੀ ਗੁਰੂ ਸਾਹਿਬ ਕਿਰਪਾ ਕਰਦੇ ਹਨ।

ਆਸ ਹੈ ਕਿ ਗੁਰੂ ਕੇ ਸ਼ਰਧਾਵਾਨ ਸਿੱਖ ਇਸ ਜਾਣਕਾਰੀ ਤੋਂ ਲਾਭ ਉਠਾਣਗੇ।

ਭੁੱਲ ਚੁੱਕ ਮੁਆਫ਼।

ਦਾਸਨਿ ਦਾਸ,
ਜਸਜੀਤ ਸਿੰਘ
ਨਿਊ ਜ਼ਰਸੀ
੨ ਜਨਵਰੀ ੨੦੨੦

# ਸਿੱਖੋ ! ਮਨਮਤਿ ਤੋਂ ਬਚੋਂ

੧. ਕਿਸੇ ਮਨੁੱਖ ਦਾ ਸਤਿਗੁਰਾਂ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿੱਚ ਗਦੇਲਾ, ਆਸਣ, ਕੁਰਸੀ ਚੌਂਕੀ, ਮੰਜਾ, ਆਦਿ ਲਾ ਕੇ ਬੈਠਣਾ ਜਾਂ ਕਿਸੇ ਵਿਤਕਰੇ ਨਾਲ ਬੈਠਣਾ ਜਾਂ ਉਸ ਨੂੰ ਬਹਾਉਣਾ ਮਨਮੱਤ ਹੈ ।

੨. ਸੰਗਤ ਵਿਚ ਜਾਂ ਸਤਿਗੁਰਾਂ (ਸੀ ਗੁਰੂ ਗ੍ਰੰਥ ਸਾਹਿਬ ਜੀ) ਦੇ ਪ੍ਰਕਾਸ਼ ਸਮੇਂ ਕਿਸੇ ਨੂੰ ਨੰਗੇ ਸਿਰ ਜਾਂ ਠਾਠੀ ਬੰਨ੍ਹ ਕੇ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ ।

੩. ਮੰਜੀ ਸਾਹਿਬ ਦੇ ਪਾਵੇ–ਦਬਾਉਣੇ, ਪਾਵਿਆਂ ਨਾਲ ਰੱਖੜੀ ਬੰਨ੍ਹਣੀ ਆਦਿ ਮਨਮਤਿ ਹੈ।

੪. ਸ਼ਾਦੀਆਂ ਦੇ ਕਾਰਡਾ ਤੇ ਨਾਵਾਂ ਦੇ ਨਾਲ 'ਸਿੰਘ' ਤੇ 'ਕੌਰ' ਜ਼ਰੂਰ ਲਿਖਵਾਉ। ਇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਹੈ।

੫. ਵਿਆਹ ਸਮੇਂ ਸ਼ਰਾਬ ਪੀਣੀ ਤੇ ਭੰਗੜੇ ਪਾਉਣੇ ਅਤੇ ਲਾੜੀ ਦਾ ਲਾੜੇ ਨੂੰ ਜੈ–ਮਾਲਾ ਪਾਉਣੀ ਗੁਰਮਤਿ ਦੇ ਵਿਰੁੱਧ ਹੈ ।

੬. ਪੂਰਨਮਾਸ਼ੀ, ਮੱਸਿਆ ਤੇ ਹੋਰ ਵਰਤ ਰਖਣੇ ਮਨਮਤਿ ਹੈ।

੭. ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਤੋਂ ਪਿਛੋਂ ਜੋਤਾਂ ਬਾਲ ਕੇ ਖੜੇ ਹੋ ਕੇ ਆਰਤੀ ਕਰਨਾ ਗੁਰਮਤਿ ਨਹੀਂ ਹੈ।

੮. ਬੱਚਿਆ ਨੂੰ ਛੋਟੀ ਉਮਰ ਵਿਚ ਦਸਤਾਰ ਸਜਾਉਣ ਦੀ ਆਦਤ ਪਾਓ। ਜਿਹੜੇ ਬੱਚੇ ਦਾੜ੍ਹੀ ਆਉਣ ਤੇ ਵੀ ਸਿਰ ਤੇ ਰੁਮਾਲ ਬੰਨਦੇ ਹਨ, ਉਹ ਆਮ ਤੌਰ ਤੇ ਪਤਿਤ ਹੋ ਜਾਂਦੇ ਹਨ।

੯. ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਗੁਰਬਾਣੀ ਪੜ੍ਹਨ ਦੀ ਆਦਤ ਪਾਓ।

੧੦. ਕੇਸਾਂ ਨੂੰ ਕੱਟਣਾ, ਰੋਮਾਂ ਦੀ ਬੇਅਦਬੀ, ਸਿਰ ਅਤੇ ਦਾੜ੍ਹੇ ਨੂੰ ਰੰਗਣਾ, ਗੁਰਮਤਿ ਦੇ ਵਿਰੁੱਧ ਹੈ।

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥

Khalsa Spirit

IN THE SERVICE OF GURU-KHALSA PANTH

©

2 00022 32021 0